# ਮਹਿਕ-ਏ-ਵਤਨ

# MehakEwattan

Fortnightly Newspaper







Hardev Brar
Chief Editor

• Vol-II • Issue- 12 • Phone : +64,274-427-338 +64 9 3900004 • www.mehakewattan.com • December 2024



03 ਸ਼੍ਰੀਲੰਕਾ 'ਚ ਖਰਾਬ ਹੋਇਆ ਮੌਸਮ, 15 ਲੋਕਾਂ ਦੀ ਮੌਤ





06 ਪ੍ਰਧਾਨ ਮੰਤਰੀ ਦੀ 'ਲਿਮੋਜ਼ਿਨ' ਨਾਲ ਟਕਰਾਈ ਪੁਲਸ ਕਾਰ






13 ਆਸਟ੍ਰੇਲੀਆ ਸਰਕਾਰ ਨੇ ਬੈਨ ਕੀਤਾ ਸੋਸ਼ਲ ਮੀਡੀਆ, ਸੋਨਮ ਕਪੂਰ ਨੇ ਕੀਤਾ ਸਮਰਥਨ





14 ਆਸਟਰੇਲੀਆ ਦਾ ਇਹ ਧਾਕੜ ਗੇਂਦਬਾਜ਼ ਦੂਜੇ ਟੈਸਟ ਮੈਚ ਤੋਂ ਬਾਹਰ




# ਸਿੱਖ ਮੋਟਰਸਾਈਕਲ ਕਲੱਬਾਂ ਨੇ ਵਿਸ਼ੇਸ਼ ਮੰਗਾਂ ਤਹਿਤ ਕੱਢੀ ਜਾਗਰੂਕਤਾ ਰੈਲੀ



ਮੈਲਬੌਰਨ - ਆਸਟ੍ਰੇਲੀਆ ਵਿੱਚ ਕਾਫੀ ਸਮੇਂ ਤੋਂ ਸਿੱਖ ਮੋਟਰਸਾਈਕਲ ਚਾਲਕਾਂ ਵਲੋਂ ਹੈਲਮੇਟ ਤੋਂ ਛੋਟ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ ਜਿਸ ਦੇ ਚਲਦਿਆਂ ਬੀਤੇ ਦਿਨੀਂ ਮੈਲਬੌਰਨ ਵਿੱਖੇ ਦਸਤਾਧਾਰੀ ਮੋਟਰਸਾਈਕਲ ਚਾਲਕਾਂ ਵਲੋਂ ਹੈਲਮੇਟ ਤੋਂ ਛੋਟ ਤੇ ਪੁਰਸ਼ਾਂ ਦੀ ਮਾਨਸਿਕ ਸਿਹਤ ਨੂੰ ਲੈ ਇੱਕ ਮੋਟਰਸਾਈਕਲ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਰੈਲੀ ਵਿੱਚ ਸਿੱਖ ਮੋਟਰਸਾਈਕਲ ਕਲੱਬ ਆਸਟ੍ਰੇਲੀਆ ਅਤੇ ਸਿੰਘਜ਼ ਸੋਸ਼ਲ ਮੋਟਰਸਾਈਕਲ ਕਲੱਬ ਆਸਟ੍ਰੇਲੀਆ ਨੇ ਭਾਗ ਲਿਆ, ਜੋ ਕਿ ਇਸ ਰੈਲੀ ਵਿੱਚ ਭਾਗ ਲੈਣ ਲਈ ਸਿਡਨੀ ਤੋਂ ਵਿਸ਼ੇਸ਼ ਰੂਪ ਵਿੱਚ ਪੁੱਜੇ ਸਨ। ਉਨ੍ਹਾਂ ਨੇ ਸਾਂਝੇ ਤੌਰ 'ਤੇ ਇਸ ਮੋਟਰਸਾਈਕਲ ਰੈਲੀ ਵਿੱਚ ਸ਼ਿਰਕਤ ਕੀਤੀ।

ਇਹ ਮੋਟਰਸਾਈਕਲ ਰੈਲੀ ਜਿਸ ਨੂੰ ਕਿ "ਦਾ ਮੋ ਬਰੋਜ਼ ਰਾਈਡ" ਦਾ ਨਾਂ ਦਿੱਤਾ ਗਿਆ ਸੀ, ਨੂੰ ਮੈਂਬਰ ਪਾਰਲੀਮੈਂਟ ਸਟੀਵ ਮੈਗਈ ਨੇ ਝੰਡੀ ਦੇ ਕੇ ਰਵਾਨਾ ਕੀਤਾ। ਇਹ ਰੈਲੀ ਮੈਲਬੌਰਨ ਦੇ ਉੱਤਰ ਪੱਛਮ ਵਿੱਚ ਸਥਿਤ ਇਲਾਕੇ ਦੀ "ਗੈਲੀ ਵਾਇਨਰੀ" ਪਲੰਪਟਨ ਤੋ ਰਵਾਨਾ ਹੋ ਕੇ ਆੱਰਥਰ ਰਿਜ਼ਰਵ ਮੈਲਟਨ ਵਿੱਖੇ ਸਮਾਪਤ ਹੋਈ, ਜਿੱਥੇ ਸਿੱਖ ਮੋਟਸਾਈਕਲ ਕਲੱਬ ਵਲੋਂ ਯੰਗ ਫੁੱਟਬਾਲ ਕਲੱਬ ਦੇ ਸਹਿਯੋਗ ਨਾਲ ਇੱਕ ਖੇਡ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿਚ ਵੱਖ-ਵੱਖ ਉਮਰ ਵਰਗ ਦੇ ਪਹੁੰਚੇ ਵੱਡੀ ਗਿਣਤੀ ਵਿੱਚ ਖਿਡਾਰੀਆਂ ਨੇ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ।

ਇਸ ਸਮਾਗਮ ਵਿੱਚ ਫੈਡਰਲ ਮੈਂਬਰ ਪਾਰਲੀਮੈਂਟ ਸੈਮ ਰੇਅ, ਸਟੀਵ ਮੈਗਈ ਮੈਂਬਰ ਪਾਰਲੀਮੈਂਟ ਤੇ ਸ਼ਿਵਾਲੀ ਚੇਟਲੀ ਕੋਂਸਲਰ ਬੈਂਡਿਗੋ ਦੇ ਨਾਲ-ਨਾਲ ਸਮਾਜਿਕ ਤੇ ਧਾਰਮਿਕ ਸ਼ਖਸੀਅਤਾਂ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜ਼ਰ ਸਨ। ਇਸ ਮੌਕੇ ਪ੍ਰਬੰਧਕਾਂ ਨੇ ਦਸਿਆ ਕਿ ਅੱਜ ਦੀ ਇਸ ਰੈਲੀ ਦਾ ਮਕਸਦ ਲੰਮੇ ਸਮੇਂ ਤੋ ਚੱਲੀ ਆ ਰਹੀ ਮੰਗ ਸਿੱਖ ਮੋਟਰਸਾਈਕਲ ਸਵਾਰਾਂ ਲਈ ਹੈਲਮੈਟ ਤੋਂ ਛੋਟ ਲਈ ਅਵਾਜ਼ ਬੁਲੰਦ ਕਰਨਾ ਸੀ ਤੇ ਇਸ ਦੇ ਨਾਲ ਹੀ ਪੁਰਸ਼ਾਂ ਦੇ ਮਾਨਸਿਕ ਸਿਹਤ, ਖੁਦਕੁਸ਼ੀ ਰੋਕਥਾਮ ਅਤੇ ਪ੍ਰੋਸਟੇਟ ਤੇ ਟੈਸਟਿਕੁਲਰ ਕੈਂਸਰ ਵਰਗੀਆਂ ਬਿਮਾਰੀਆਂ ਬਾਰੇ ਜਾਗਰੂਕਤਾ ਫੈਲਾਉਣਾ ਸੀ। ਇਸ ਮੌਕੇ ਕਰਮ ਇਸ਼ਰਸਰ ਸੇਵਾ ਅਤੇ ਸਿਮਰਨ ਸੋਸਾਇਟੀ ਸੰਸਥਾ ਵਲੋਂ ਸਮਾਗਮ ਵਿੱਚ ਆਏ ਨੌਜਵਾਨਾਂ ਨੂੰ ਜਿੱਥੇ ਦਸਤਾਰ ਦੀ ਮਹੱਤਤਾ ਬਾਰੇ ਦਸਿਆ ਉੱਥੇ ਹੀ ਦਸਤਾਰ ਸਿਖਲਾਈ ਤੇ ਦਸਤਾਰਾਂ ਦਾ ਲੰਗਰ ਵੀ ਲਗਾਇਆ ਗਿਆ ਸੀ।

ਇਸ ਮੌਕੇ ਫੈਡਰਲ ਐਮ.ਪੀ ਸੈਮ ਰੇਅ, ਐਮ.ਪੀ ਸਟੀਵ ਮੈਗਈ ਅਤੇ ਬੈਂਡੀਗੋ ਇਲਾਕੇ ਤੋ ਪੰਜਾਬੀ ਕੌਂਸਲਰ ਸ਼ਿਵਾਲੀ ਚੈਟਲੇ ਤੋਂ ਇਲਾਵਾ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਮਾਗਮ ਦੇ ਪ੍ਰਬੰਧਕ ਵਧਾਈ ਦੇ ਪਾਤਰ ਹਨ ਜਿੰਨਾ ਇਹ ਪ੍ਰੋਗਰਾਮ ਉਲੀਕੀਆ ਹੈ। ਬੁਲਾਰਿਆਂ ਨੇ ਕਿਹਾ ਕਿ ਅਜੋਕੀ ਦੌੜ ਭੱਜ ਵਾਲੀ ਜ਼ਿੰਦਗੀ, ਕੰਮ ਤੇ ਪਰਿਵਾਰਕ ਜ਼ਿੰਮੇਵਾਰੀਆਂ ਦੇ ਚਲਦਿਆਂ ਕਦੋਂ ਪੁਰਸ਼ ਮਾਨਸਿਕ ਦਾ ਤਣਾਅ ਦਾ ਸ਼ਿਕਾਰ ਹੋ ਜਾਂਦਾ ਉਸ ਨੂੰ ਖੁਦ ਹੀ ਪਤਾ ਨਹੀ ਚਲਦਾ। ਸਿੱਟੇ ਵਜੋਂ ਕਈ ਵਾਰ ਨਤੀਜੇ ਭਿਆਨਕ ਵੀ ਹੋ ਜਾਂਦੇ ਹਨ ਪਰ ਇੰਨਾਂ ਸੰਸਥਾਵਾਂ ਨੇ ਜੋ ਇਹ ਉਪਰਾਲਾ ਕੀਤਾ ਹੈ ਉਹ ਕਾਬਿਲ-ਏ-ਤਾਰੀਫ਼ ਹੈ ਤੇ ਦੂਜਾ ਸਰਕਾਰ ਦੇ ਨੁੰਮਾਇੰਦਿਆਂ ਵਲੋਂ ਵੀ ਇਹ ਭਰੋਸਾ ਦਿਵਾਇਆ ਗਿਆ ਕਿ ਉਹ ਦਸਤਾਰਧਾਰੀ ਮੋਟਰਸਾਈਕਲ ਚਾਲਕਾਂ ਨੂੰ ਹੈਲਮੇਟ ਤੋ ਛੋਟ ਦਿਵਾਉਣ ਲਈ ਚਾਰਾਜੋਈ ਕਰਣਗੇ। ਸਮਾਗਮ ਦੇ ਅੰਤ ਵਿੱਚ ਸਿੱਖ ਮੋਟਰਸਾਈਕਲ ਕਲੱਬ ਆਸਟ੍ਰੇਲੀਆ, ਸਿੰਘਜ਼ ਸੋਸ਼ਲ ਮੋਟਰਸਾਈਕਲ ਕਲੱਬ ਆਸਟ੍ਰੇਲੀਆ ਤੇ ਯੰਗ ਫੁਟਬਾਲ ਕਲੱਬ ਵਲੋਂ ਇਸ ਸਮਾਗਮ ਨੂੰ ਕਾਮਯਾਬ ਕਰਨ ਲਈ ਧੰਨਵਾਦ ਕੀਤਾ ਗਿਆ।








## ਵਿਵਾਦਾਂ 'ਚ ਰਹਿਣ ਵਾਲੀ ਕੈਂਡੇਸ ਓਵੇਨ ਦਾ ਵੀਜਾ ਕੀਤਾ ਰੱਦ



ਹਮੇਸ਼ਾ ਆਪਣੇ ਫੈਸਲਿਆਂ ਕਾਰਨ ਚਰਚਾ 'ਚ ਰਹਿਣ ਵਾਲੀ ਇਮੀਗ੍ਰੇਸ਼ਨ ਨਿਊਜ਼ੀਲੈਂਡ ਇੱਕ ਫਿਰ ਸੁਰਖੀਆਂ 'ਚ ਹੈ। ਦਰਅਸਲ ਅਮਰੀਕਾ ਦੀ ਵਿਵਾਦਿਤ ਕੁਮੈਂਟੇਟਰ ਕੈਂਡੇਸ ਓਵੇਨ ਦਾ ਵੀਜਾ ਇਮੀਗ੍ਰੇਸ਼ਨ ਨਿਊਜ਼ੀਲੈਂਡ ਨੇ ਰੱਦ ਕਰ ਦਿੱਤਾ ਹੈ। ਦਰਅਸਲ ਪਿਛਲੇ ਦਿਨੀ ਆਸਟ੍ਰੇਲੀਆ ਨੇ ਵੀ ਕੈਂਡੇਸ ਦਾ ਵੀਜਾ ਰੱਦ ਕੀਤਾ ਸੀ ਇਸੇ ਕਾਰਨ ਹੁਣ ਨਿਯਮਾਂ ਤਹਿਤ ਨਿਊਜ਼ੀਲੈਂਡ ਨੇ ਵੀ ਉਸਦਾ ਵੀਜਾ ਰੱਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਇਮੀਗ੍ਰੇਸ਼ਨ ਮਨਿਸਟਰ ਟੋਨੀ ਬਰਕ ਨੇ ਪਿਛਲੇ ਦਿਨੀ ਕਿਹਾ ਸੀ ਕਿ ਕੈਂਡੇਸ ਦੇ ਬਿਆਨ ਕਿਸੇ ਵੀ ਵਿਵਾਦ ਨੂੰ ਖੜਾ ਕਰ ਸਕਦੇ ਹਨ ਤੇ ਇਸੇ ਲਈ ਆਸਟ੍ਰੇਲੀਆ ਵਾਸੀਆਂ ਦੇ ਹਿੱਤਾਂ ਲਈ ਚੰਗਾ ਹੈ ਕਿ ਉਹ ਇੱਥੇ ਨਾ ਆਉਣ।


MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz

# ਨਿਊਜ਼ੀਲੈਂਡ ਨੇਵੀ ਡੁੱਬੇ ਜਹਾਜ਼ ਦੀ ਜਾਂਚ ‘ਚ ਮਹੱਤਵਪੂਰਨ ਖੁਲਾਸਾ



ਵੇਲਿੰਗਟਨ - ਸਮੋਆ ਦੇ ਤੱਟ ਨੇੜੇ ਇੱਕ ਚੱਟਾਨ ਨਾਲ ਟਕਰਾਉਣ ਤੋਂ ਬਾਅਦ ਨਿਊਜ਼ੀਲੈਂਡ ਨੇਵੀ ਦੇ ਇੱਕ ਜਹਾਜ਼ ਦੇ ਡੁੱਬਣ ਅਤੇ ਅੱਗ ਲੱਗਣ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਹਾਦਸਾ ਚਾਲਕ ਦਲ ਦੇ ਮੈਂਬਰਾਂ ਦੀਆਂ ਗਲਤੀਆਂ ਕਾਰਨ ਵਾਪਰਿਆ। ਸ਼ੁੱਕਰਵਾਰ ਨੂੰ ਜਾਰੀ ਆਰਮੀ ਦੀ ‘ਕੋਰਟ ਆਫ ਇਨਕੁਆਰੀ’ ‘ਚ ਇਸ ਗੱਲ ਦੀ ਪੁਸ਼ਟੀ ਹੋਈ ਹੈ। ਜਾਂਚ ਦੀ ਪਹਿਲੀ ਰਿਪੋਰਟ ਨੇ ਸਿੱਟਾ ਕੱਢਿਆ ਕਿ ਜਹਾਜ਼ ਦੇ ਅਮਲੇ ਨੂੰ ਇਹ ਅਹਿਸਾਸ ਨਹੀਂ ਹੋਇਆ ਕਿ ਜਹਾਜ਼ ਆਟੋਮੈਟਿਕ ਮੋਡ ਵਿੱਚ ਸੀ। ਉਨ੍ਹਾਂ ਨੂੰ ਲੱਗਾ ਕਿ ਜਹਾਜ਼ ਵਿੱਚ ਕੁਝ ਹੋਰ ਗੜਬੜ ਸੀ ਅਤੇ ਕਿਉਂਕਿ ਇਹ ਜਹਾਜ਼ ਜ਼ਮੀਨ ਵੱਲ ਜਾ ਰਿਹਾ ਸੀ ਤਾਂ ਉਨ੍ਹਾਂ ਨੇ ਇਹ ਜਾਂਚ ਨਹੀਂ ਕੀਤੀ ਕਿ ਕੀ ਜਲ ਸੈਨਾ ਦਾ ਜਹਾਜ਼ ‘HMNZS Manawaniu’ ਮੈਨੁਅਲ ਸੀ ਜਾਂ ਨਹੀਂ। ਪੂਰੀ ਰਿਪੋਰਟ ਜਨਤਕ ਨਹੀਂ ਕੀਤੀ ਗਈ ਹੈ।

ਇਹ ਘਟਨਾ ਅਕਤੂਬਰ ਵਿੱਚ ਵਾਪਰੀ ਜਦੋਂ ਜਲ ਸੈਨਾ ਦਾ ਜਹਾਜ਼ ਉਪੋਲੂ, ਸਮੋਆ ਦੇ ਤੱਟ ਤੋਂ ਲਗਭਗ 1.6 ਕਿਲੋਮੀਟਰ (ਇੱਕ ਮੀਲ) ਦੂਰ ਡੁੱਬ ਗਿਆ। ਹਾਲਾਂਕਿ ਜਹਾਜ਼ ‘ਚ ਸਵਾਰ ਸਾਰੇ 75 ਲੋਕਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ। ਇਸ ਜਹਾਜ਼ ਦੇ ਡੁੱਬਣ ਤੋਂ ਬਾਅਦ ਨਿਊਜ਼ੀਲੈਂਡ ਨੇਵੀ ਕੋਲ ਸਿਰਫ਼ ਅੱਠ ਜਹਾਜ਼ ਹੀ ਬਚੇ ਹਨ। ਘਟਨਾ ਦੇ ਸਮੇਂ ਅਧਿਕਾਰੀ ਜਹਾਜ਼ ਦੇ ਡੁੱਬਣ ਦੇ ਕਾਰਨਾਂ ਦਾ ਪਤਾ ਲਗਾਉਣ ਵਿੱਚ ਅਸਮਰੱਥ ਸਨ, ਜਿਸ ਤੋਂ ਬਾਅਦ ਨੇਵੀ ਚੀਫ਼ ਰੀਅਰ ਐਡਮਿਰਲ ਗੈਰਿਨ ਗੋਲਡਿੰਗ ਨੇ ਜਾਂਚ ਲਈ ‘ਕੋਰਟ ਆਫ਼ ਇਨਕੁਆਰੀ’ ਦੇ ਹੁਕਮ ਦਿੱਤੇ ਹਨ।

ਗੋਲਡਿੰਗ ਨੇ ਸ਼ੁੱਕਰਵਾਰ ਨੂੰ ਆਕਲੈਂਡ ਵਿੱਚ ਪੱਤਰਕਾਰਾਂ ਨੂੰ ਕਿਹਾ, “ਡੁੱਬਣ ਦਾ ਸਿੱਧਾ ਕਾਰਨ ਮਨੁੱਖੀ ਗ਼ਲਤੀ ਸੀ।“ ਸਥਿਤੀ ਨੂੰ ਦੇਖਦੇ ਹੋਏ ਜਹਾਜ਼ ਨੂੰ ਆਟੋਮੈਟਿਕ ਸਥਿਤੀ ਤੋਂ ਹਟਾਇਆ ਜਾਣਾ ਚਾਹੀਦਾ ਸੀ ਪਰ ਅਜਿਹਾ ਨਹੀਂ ਕੀਤਾ ਗਿਆ।

ਚਾਲਕ ਦਲ ਨੂੰ ਇਹ ਦੇਖਣ ਲਈ ਪੈਨਲ ਵੱਲ ਦੇਖਣਾ ਚਾਹੀਦਾ ਸੀ ਕਿ ਕੀ ਆਟੋਮੇਟਿਡ ਸਥਿਤੀ ਸਕ੍ਰੀਨ ‘ਤੇ ਦਿਖਾਈ ਦੇ ਰਹੀ ਹੈ।‘’ ਉਸ ਨੇ ਕਿਹਾ ਕਿ ਚਾਲਕ ਦਲ ਦਾ ਮੰਨਣਾ ਹੈ ਕਿ ‘’ਥਰਸਟਰ ਫੇਲ੍ਹ ਹੋਣ ਕਾਰਨ ਜਹਾਜ਼ ਚਲਾਉਣ ਵਿੱਚ ਅਸਮਰੱਥ ਸੀ।‘’ ਇਹ ਸੰਭਾਵਨਾ ਸੀ ਕਿ “ਅਦਾਲਤ ਅਗਲੇ ਸਾਲ ਦੀ ਪਹਿਲੀ ਤਿਮਾਹੀ ਤੱਕ ਪੁੱਛਗਿੱਛ ਜਾਰੀ ਰਹੇਗੀ। ਗੋਲਡਿੰਗ ਨੇ ਕਿਹਾ ਕਿ ਘਟਨਾ ਮਨੁੱਖੀ ਗ਼ਲਤੀ ਕਾਰਨ ਵਾਪਰੀ ਹੈ, ਇਸ ਲਈ ਜਾਂਚ ਤੋਂ ਬਾਅਦ ਵੱਖਰੀ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।













# ਸ਼੍ਰੀਲੰਕਾ 'ਚ ਖਰਾਬ ਹੋਇਆ ਮੌਸਮ, 15 ਲੋਕਾਂ ਦੀ ਮੌਤ



ਕੋਲੰਬੋ - ਸ੍ਰੀਲੰਕਾ ਵਿਚ ਦੱਖਣ-ਪੱਛਮੀ ਬੰਗਾਲ ਦੀ ਖਾੜੀ 'ਤੇ ਬਣੇ ਡੂੰਘੇ ਦਬਾਅ ਦੇ ਪ੍ਰਭਾਵ ਵਿਚ ਪੈਦਾ ਹੋਏ ਪ੍ਰਤੀਕੂਲ ਮੌਸਮ ਕਾਰਨ 15 ਲੋਕਾਂ ਦੀ ਮੌਤ ਹੋ ਗਈ। ਆਫ਼ਤ ਪ੍ਰਬੰਧਨ ਕੇਂਦਰ (ਡੀ.ਐਮ.ਸੀ) ਨੇ ਇਹ ਜਾਣਕਾਰੀ ਦਿੱਤੀ। ਡੀ.ਐਮ.ਸੀ ਨੇ ਕਿਹਾ ਕਿ ਦੇਸ਼ ਵਿੱਚ ਹੜ੍ਹ, ਤੇਜ਼ ਹਵਾਵਾਂ ਅਤੇ ਜ਼ਮੀਨ ਖਿਸਕਣ ਨਾਲ 4,50,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ ਅਤੇ ਹੁਣ ਤੱਕ 15 ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸਭ ਤੋਂ ਵੱਧ 10 ਮੌਤਾਂ ਪੂਰਬੀ ਸੂਬੇ ਵਿਚ ਹੋਈਆਂ ਹਨ।

ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਚੱਕਰਵਾਤੀ ਤੂਫ਼ਾਨ ਜਿਸ ਨੇ ਪੂਰਬੀ ਸੂਬੇ ਵਿੱਚ ਤਬਾਹੀ ਮਚਾ ਦਿੱਤੀ ਹੈ, ਸ਼ਨੀਵਾਰ ਨੂੰ ਬਾਅਦ ਵਿੱਚ ਭਾਰਤ ਦੇ ਦੱਖਣੀ ਰਾਜ ਤਾਮਿਲਨਾਡੂ ਵੱਲ ਵਧੇਗਾ। ਇਸ ਤੋਂ ਬਾਅਦ ਦੇਸ਼ ਵਿੱਚ ਮੌਸਮ ਵਿੱਚ ਸੁਧਾਰ ਹੋ ਸਕਦਾ ਹੈ। ਹਾਲਾਂਕਿ, ਉੱਤਰੀ, ਉੱਤਰੀ ਮੱਧ ਅਤੇ ਪੂਰਬੀ ਤ੍ਰਿੰਕੋਮਾਲੀ ਜ਼ਿਲ੍ਹਿਆਂ ਵਿੱਚ 100 ਮਿਲੀਮੀਟਰ ਤੋਂ ਵੱਧ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਦੇਸ਼ ਦੇ ਕੁਝ ਹਿੱਸਿਆਂ ਵਿੱਚ 60 ਕਿਲੋਮੀਟਰ ਪ੍ਰਤੀ ਘੰਟੇ ਤੋਂ ਵੱਧ ਦੀ ਰਫ਼ਤਾਰ ਨਾਲ ਹਵਾ ਚੱਲਣ ਦੀ ਵੀ ਸੰਭਾਵਨਾ ਹੈ।

ਇਸ ਦੌਰਾਨ ਪੁਲਸ ਨੇ ਕਿਹਾ ਕਿ ਉਨ੍ਹਾਂ ਨੇ ਪੂਰਬੀ ਕਸਬੇ ਸਮੰਤੁਰਾਈ ਵਿੱਚ ਇੱਕ ਟਰੈਕਟਰ 'ਤੇ ਯਾਤਰਾ ਕਰਦੇ ਸਮੇਂ ਹੜ੍ਹਾਂ ਕਾਰਨ ਛੇ ਵਿਦਿਆਰਥੀਆਂ ਦੀ ਮੌਤ ਦੇ ਸਬੰਧ ਵਿੱਚ ਇੱਕ ਸਕੂਲ ਦੇ ਪ੍ਰਿੰਸੀਪਲ ਅਤੇ ਇੱਕ ਅਧਿਆਪਕ ਨੂੰ ਗ੍ਰਿਫਤਾਰ ਕੀਤਾ ਹੈ। ਪ੍ਰਿੰਸੀਪਲ ਨੇ ਬੱਸ ਨਾ ਹੋਣ ਕਾਰਨ ਵਿਦਿਆਰਥੀਆਂ ਨੂੰ ਟਰੈਕਟਰ ਰਾਹੀਂ ਜਾਣ ਲਈ ਕਿਹਾ ਸੀ।

# ਬ੍ਰਿਟਿਸ਼ ਸੰਸਦ 'ਚ ਗੂੰਜਿਆ ਬੰਗਲਾਦੇਸ਼ 'ਚ ਹਿੰਦੂਆਂ 'ਤੇ ਹੋ ਰਹੇ ਅੱਤਿਆਚਾਰ ਦਾ ਮੁੱਦਾ



ਲੰਡਨ : ਬ੍ਰਿਟੇਨ ਦੇ ਸੰਸਦ ਮੈਂਬਰ ਅਤੇ ਬ੍ਰਿਟਿਸ਼ ਹਿੰਦੂਆਂ ਦੇ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ (ਏ.ਪੀ.ਪੀ.ਜੀ.) ਦੇ ਪ੍ਰਧਾਨ ਬੌਬ ਬਲੈਕਮੈਨ ਨੇ ਬੰਗਲਾਦੇਸ਼ ਵਿੱਚ ਹਿੰਦੂਆਂ 'ਤੇ ਕਥਿਤ ਹਮਲਿਆਂ ਨੂੰ ਲੈ ਕੇ ਸੰਸਦ ਦੇ ਹੇਠਲੇ ਸਦਨ 'ਹਾਊਸ ਆਫ ਕਾਮਨਜ਼' ਵਿਚ ਚਿੰਤਾ ਪ੍ਰਗਟਾਈ।

ਵੀਰਵਾਰ ਨੂੰ ਸੰਸਦ ਦੇ ਸੈਸ਼ਨ ਦੌਰਾਨ, ਬਲੈਕਮੈਨ, ਉੱਤਰੀ ਲੰਡਨ ਦੇ ਹੈਰੋ ਈਸਟ ਲਈ ਸੰਸਦ ਮੈਂਬਰ, ਨੇ ਬੰਗਲਾਦੇਸ਼ 'ਚ ਘੱਟ ਗਿਣਤੀਆਂ ਦੇ ਕਥਿਤ ਅੱਤਿਆਚਾਰ ਅਤੇ ਹਿੰਦੂ ਅਧਿਆਤਮਕ ਆਗੂ ਚਿਨਮਏ ਕ੍ਰਿਸ਼ਨਾ ਦਾਸ ਨੂੰ ਜੇਲ੍ਹ 'ਚ ਬੰਦ ਕਰਨ ਦੀ ਨਿੰਦਾ ਕੀਤੀ। ਬਲੈਕਮੈਨ ਨੇ ਸੰਸਦ ਮੈਂਬਰਾਂ ਨੂੰ ਕਿਹਾ ਕਿ ਉਸ (ਦਾਸ) ਨੂੰ ਬੰਗਲਾਦੇਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਪੂਰੇ ਬੰਗਲਾਦੇਸ਼ 'ਚ ਹਿੰਦੂਆਂ ਦੀ ਹੱਤਿਆ ਕੀਤੀ ਜਾ ਰਹੀ ਹੈ, ਉਨ੍ਹਾਂ ਦੇ ਘਰਾਂ ਅਤੇ ਮੰਦਰਾਂ ਨੂੰ ਸਾੜਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਅੱਜ (ਵੀਰਵਾਰ) ਬੰਗਲਾਦੇਸ਼ ਦੀ ਹਾਈ ਕੋਰਟ 'ਚ ਇਹ ਫੈਸਲਾ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਇਸਕਾਨ 'ਤੇ ਦੇਸ਼ 'ਚ ਪਾਬੰਦੀ ਲਗਾਈ ਜਾਵੇ, ਜੋ ਕਿ ਹਿੰਦੂਆਂ 'ਤੇ ਸਿੱਧਾ ਹਮਲਾ ਹੈ।

ਵਿਰੋਧੀ ਕੰਜ਼ਰਵੇਟਿਵ ਪਾਰਟੀ ਦੇ ਇੱਕ ਸੰਸਦ ਮੈਂਬਰ ਬਲੈਕਮੈਨ ਨੇ ਜ਼ੋਰ ਦੇ ਕੇ ਕਿਹਾ ਕਿ "ਧਾਰਮਿਕ ਘੱਟ ਗਿਣਤੀਆਂ ਲਈ ਇਸ ਤਰ੍ਹਾਂ ਸਤਾਏ ਜਾਣਾ ਅਸਵੀਕਾਰਨਯੋਗ ਹੈ।" ਉਨ੍ਹਾਂ ਵਿਸ਼ਵ ਪੱਧਰ 'ਤੇ ਧਾਰਮਿਕ ਆਜ਼ਾਦੀ ਦੀ ਰਾਖੀ ਕਰਨ ਦਾ ਸੱਦਾ ਦਿੱਤਾ।

Mehak E wattan

Fortnightly Newspaper

•Issue-12 • December 2024
www.mehakewattan.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

### ਜੀਵਨ ਇਤਿਹਾਸ

# ਮਹਾਰਾਜਾ ਸ਼ੇਰ ਸਿੰਘ

**ਲੇਖਕ - ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**



ਮਹਾਰਾਜਾ ਸ਼ੇਰ ਸਿੰਘ, ਸ਼ੇਰਿ ਪੰਜਾਬ, ਮਹਾਰਾਜਾ ਰਣਜੀਤ ਸਿੰਘ ਦਾ ਦੂਜਾ ਸ਼ਹਿਜ਼ਾਦਾ ਸੀ, ਜਿਸ ਦਾ ਜਨਮ 4 ਦਸੰਬਰ ਸੰਨ 1807 ਈ:[1] ਨੂੰ ਮਹਾਰਾਣੀ ਮਹਿਤਾਬ ਕੌਰ ਜੀ ਦੀ ਕੁੱਖ ਤੋਂ ਹੋਇਆ।[2] ਇਹ ਮੰਗਲ-ਮਈ ਖ਼ਬਰ ਜਦ ਮਹਾਰਾਣੀ ਦੀ ਇਕ ਦਾਸੀ 'ਦੇਸਾਂ' ਨਾਮੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪਹੁੰਚਾਈ ਤਾਂ ਸਿੰਘ ਸਾਹਿਬ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ ਰਿਹਾ। ਉਸੇ ਛਿਨ ਸੋਨੇ ਦੇ ਕੰਗਣਾਂ ਦੀ ਜੋੜੀ ਉਸ ਦੇ ਹੱਥਾਂ ਵਿਚ ਪੁਵਾ ਦਿੱਤੀ ਅਤੇ ਹਜ਼ਾਰਾਂ ਰੁਪਏ ਦਾਨ ਵਜੋਂ ਲੋੜਵੰਦਾਂ ਨੂੰ ਵੰਡੇ। ਕਈ ਦਿਨਾਂ ਤੱਕ ਖ਼ੁਸ਼ੀਆਂ ਦੇ ਸਮਾਗਮ ਹੁੰਦੇ ਰਹੇ। ਕਈ ਅਧਿਕਾਰੀਆਂ ਨੂੰ ਜਾਗੀਰਾਂ ਬਖ਼ਸ਼ੀਆਂ। ਲਾਹੌਰ, ਅੰਮ੍ਰਿਤਸਰ ਅਤੇ ਰਾਜ ਦੇ ਹੋਰਨਾਂ ਵੱਡੇ-ਵੱਡੇ ਸ਼ਹਿਰਾਂ ਵਿਚ ਦੀਪਮਾਲਾ ਹੋਈਆਂ।

ਯੋਗ ਸਮੇਂ ਸ਼ਹਿਜ਼ਾਦੇ ਦਾ ਨਾਮ ਸ਼ਾਹੀ ਸ਼ਾਨ ਅਨੁਸਾਰ ਸ਼ੇਰ ਸਿੰਘ ਰੱਖਿਆ ਗਿਆ। ਇਸ ਦਿਨ ਕਿਲ੍ਹੇ ਵਿਚ ਇਕ ਬਹੁਤ ਵੱਡਾ ਸ਼ਾਹੀ ਦਰਬਾਰ ਹੋਇਆ। ਤੋਪਖ਼ਾਨਿਆਂ ਸ਼ਾਹੀ ਸਲਾਮੀ ਉਤਾਰੀ ਅਤੇ ਬਹੁਤ ਸਾਰੇ ਫ਼ੌਜੀ ਮੁਖੀਆਂ ਅਤੇ ਮੁਲਕੀ ਕਰਮਚਾਰੀਆਂ ਨੂੰ ਖ਼ਿੱਲਤਾਂ ਤੇ ਸਿਰੋਪਾ ਬਖ਼ਸ਼ੇ ਗਏ।

ਮਹਾਰਾਜਾ ਰਣਜੀਤ ਸਿੰਘ, ਕੰਵਰ ਸ਼ੇਰ ਸਿੰਘ ਦਾ ਬਾਲੜੀ ਉਮਰ ਤੋਂ ਹੀ ਖਿੜਿਆ ਚਿਹਰਾ ਅਤੇ ਭਰਵਾਂ ਦੁਹਰਾ ਸਰੀਰ ਦੇਖ ਕੇ ਐਸੇ ਮੋਹੇ ਗਏ ਸਨ ਕਿ ਇਹੋ ਜਿਹਾ ਪਿਆਰ ਹੋਰ ਕਿਸੇ ਸ਼ਹਿਜ਼ਾਦੇ ਨੂੰ ਕਦੇ ਨਹੀਂ ਸੀ ਮਿਲਿਆ ਜੋ ਇਸਨੂੰ ਪ੍ਰਾਪਤ ਸੀ।

ਸ਼ੇਰਿ ਪੰਜਾਬ ਜਿਹੜੇ ਵਿੱਦਿਆ ਨੂੰ ਸਾਰੇ ਖ਼ਾਲਸਾ ਰਾਜ ਵਿਚ ਘਰ-ਘਰ ਪਹੁੰਚਾਉਣ ਦੇ ਬੜੇ ਚਾਹਵਾਨ ਸਨ, ਵਲੋਂ ਆਪਣੇ ਸ਼ਹਿਜ਼ਾਦਿਆਂ ਅਤੇ ਵੱਡੇ-ਵੱਡੇ ਸਰਦਾਰਾਂ ਦੇ ਬੱਚਿਆਂ ਦੀ ਵਿੱਦਿਆ ਪ੍ਰਾਪਤੀ ਲਈ ਮੀਆਂ ਵੱਡੇ ਦੇ ਪ੍ਰਸਿੱਧ ਮਦਰਸੇ ਵਿਚ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਕਾਦਰ ਨੇ ਜਿੱਥੇ ਇਸ ਸ਼ਹਿਜ਼ਾਦੇ ਨੂੰ ਮਨਮੋਹਣਾ ਰੂਪ ਰੰਗ ਤੇ ਸਰੀਰ ਬਖ਼ਸ਼ਿਆ ਸੀ, ਉਥੇ ਨਾਲ ਹੀ ਉੱਚਾ ਦਿਮਾਗ ਅਤੇ ਸਿਆਣਪ ਦੀ ਦਾਤ ਦੇ ਖੁੱਲ੍ਹੇ ਗੱਫੇ ਬਖ਼ਸ਼ੇ ਸਨ। ਆਪ ਨੇ ਥੋੜ੍ਹੇ ਸਾਲਾਂ ਵਿਚ ਸਮੇਂ ਦੀ ਲੋੜ ਅਨੁਸਾਰ ਗੁਰਮੁਖੀ ਤੇ ਫ਼ਾਰਸੀ ਵਿਚ ਪੂਰਨ ਨਿਪੁੰਨਤਾ ਪ੍ਰਾਪਤ ਕਰ ਲਈ। ਇਸੇ ਤਰ੍ਹਾਂ ਅੰਗਰੇਜੀ ਅਤੇ ਫ੍ਰਿੰਚ ਵਿਚ, ਜੋ ਉਸ ਸਮੇਂ ਪੰਜਾਬ ਵਿਚ ਬਹੁਤ ਘੱਟ ਲੋਕ ਜਾਣਦੇ ਸਨ, ਕਾਫ਼ੀ ਸੂਝ-ਬੂਝ ਹਾਸਲ ਕਰ ਲਈ ਸੀ।[1]

ਜਿਉਂ-ਜਿਉਂ ਇਸ ਸ਼ਹਿਜ਼ਾਦੇ ਦੀ ਆਯੂ ਦੇ ਵਰ੍ਹੇ ਬੀਤਦੇ ਜਾ ਰਹੇ ਸਨ, ਉਹ ਨਾਲੋ-ਨਾਲ ਜੀਵਨ ਸਫ਼ਲਤਾ ਦੇ ਉੱਚੇ ਤੋ ਉੱਚੇ ਗੁਣ ਪ੍ਰਾਪਤ ਕਰਦਾ ਜਾ ਰਿਹਾ ਸੀ। ਇਨ੍ਹਾਂ ਵਿਚੋਂ ਘੋੜਸਵਾਰੀ, ਨੇਜ਼ਾਬਾਜ਼ੀ ਅਤੇ ਸ਼ਮਸ਼ੇਰਜ਼ਨੀ ਵਿਚ ਤਾਂ ਆਪ ਨੇ ਉਹ ਕਮਾਲ ਪਾਇਆ ਕਿ ਇੰਨੀ ਉਮਰ ਦੇ ਬੱਚੇ ਵਿਚ ਇਸ ਤੋਂ ਪਹਿਲਾਂ ਕਦੇ ਕਿਸੇ ਨੇ ਨਹੀਂ ਸੀ ਡਿੱਠਾ। ਚਪਲ ਤੋਂ ਚਪਲ ਘੋੜੇ ਪਰ ਉਹ ਐਸੀ ਰਾਨ ਪਟੜੀ ਜਮਾਏ ਤਾਣ ਕੇ ਬੈਠਦਾ ਹੁੰਦਾ ਸੀ ਕਿ ਘੋੜਾ ਡਿੱਗ ਜਾਏ ਤਾਂ ਭਾਵੇਂ ਡਿੱਗ ਜਾਏ ਪਰ ਇਹ ਸਵਾਰ ਅਡੋਲ ਕਾਠੀ ਵਿਚ ਜੰਮਿਆ ਰਹਿੰਦਾ ਸੀ। ਇਸੇ ਦਸ਼ਾ ਵਿਚ ਉਹ ਘੋੜੇ ਨੂੰ ਐਸਾ ਉਡਾ ਕੇ ਲਿਆਂਵਦਾ ਅਤੇ ਬਲਮ ਜਾਂ ਤਲਵਾਰ ਦੀ ਨੋਕ ਨਾਲ ਐਸਾ ਨਿਸ਼ਾਨਾਂ ਫੁੰਡਦਾ ਕਿ ਦੇਖਣ ਵਾਲਿਆਂ ਦੇ ਮੂੰਹੋਂ ਆਪ-ਮੁਹਾਰੇ ਵਾਹ! ਵਾਹ!! ਦੀ ਗੂੰਜ ਨਿਕਲ ਜਾਂਦੀ ਸੀ। ਚੂੰਕਿ ਸ਼ੇਰਿ ਪੰਜਾਬ ਰਣਜੀਤ ਸਿੰਘ ਆਪ ਖ਼ੁਦ ਇਸ ਹੁਨਰ ਦੇ ਬੜੇ ਉੱਚੇ ਗੁਣਵਾਨ ਸਨ, ਇਸ ਲਈ ਉਹ ਆਪਣੇ ਹੋਣਹਾਰ ਸਪੁੱਤਰ ਦੇ ਇਹ ਕਰਤਬ ਦੇਖ-ਦੇਖ ਕੇ ਖ਼ੁਸ਼ੀ ਨਾਲ ਕਪੱੜਿਆਂ ਵਿਚ ਨਹੀਂ ਸਨ ਸਮਾਂਵਦੇ ਅਤੇ ਉਸ ਦੇ ਉਤਸ਼ਾਹ ਵਿਚ ਹੋਰ ਵਧੇਰੇ ਉਤੇਜਨਾ ਉਪਜਾਣ ਲਈ ਭਰੇ ਪਿੜਾਂ ਵਿਚ ਇਸ ਦੇ ਸੀਸ ਤੋਂ ਬੁੱਕਾਂ ਭਰ ਕੇ ਮਾਇਆ ਵਾਰਦੇ, ਜਿਸ ਦੇ ਕਾਰਨ ਸ਼ਾਹਜ਼ਾਦੇ ਦਾ ਮਨ ਜੰਗੀ ਕਰਤਬਾਂ ਵਿਚ ਸ਼ੇਰ ਜਿਹਾ ਨਿਡਰ ਹੋ ਗਿਆ, ਜੋ ਅੱਗੇ ਜਾ ਕੇ ਇਸ ਦੇ ਜੀਵਨ ਦੀ ਸਫ਼ਲਤਾ ਦਾ ਮੂਲ ਕਾਰਨ ਬਣਿਆ। ਇਸ ਤਰ੍ਹਾਂ ਕੰਵਲ ਸ਼ੇਰ ਸਿੰਘ ਦੇ ਜੀਵਨ ਦੇ ਬਾਰਾਂ ਵਰ੍ਹੇ ਬੀਤ ਗਏ।

ਮਹਾਰਾਜਾ ਰਣਜੀਤ ਸਿੰਘ ਆਪਣੇ ਸਾਰੇ ਬੱਚਿਆਂ ਨੂੰ ਜਗੀਰਾਂ ਬਖ਼ਸ਼ਣ ਤੇ ਪਿਆਰਨ ਲਈ ਖ਼ਾਸ ਪ੍ਰਸਿੱਧਤਾ ਰੱਖਦੇ ਸਨ, ਪਰ ਸ਼ਹਿਜ਼ਾਦਾ ਸ਼ੇਰ ਸਿੰਘ ਦੇ ਸਫ਼ਲ ਬਾਲਪਣ ਦੇ ਕਾਰਨ ਇਸ ਨੂੰ ਸਭ ਤੋਂ ਵੱਧ ਨਿਵਾਜਦੇ ਅਤੇ ਸਨਮਾਨ ਦਿੰਦੇ ਹੁੰਦੇ ਸਨ। ਸਰਕਾਰ ਸਦਾ ਹੀ ਰਣਤੱਤਿਆਂ ਵਿਚ ਅਤੇ ਮੁਲਕੀ ਦੌਰਿਆਂ ਸਮੇਂ ਇਸ ਸ਼ਹਿਜ਼ਾਦੇ ਨੂੰ ਆਪਣੇ ਨਾਲ ਰੱਖਿਆ ਕਰਦੇ ਹਨ। ਇਹੀ ਕਾਰਨ ਸੀ ਕਿ ਵੱਡੇ ਮਹਾਰਾਜੇ ਦੇ ਸਾਰੇ ਗੁਣ ਸੁੱਤੇ ਹੀ ਉਸ ਵਿਚ ਪ੍ਰਵੇਸ਼ ਕਰ ਗਏ।

## ਕੰਵਰ ਸ਼ੇਰ ਸਿੰਘ ਦੀ ਪਹਿਲੀ ਪ੍ਰੀਖਿਆ

ਹਜ਼ਾਰੇ ਦੇ ਮੁਸਲਮ ਵਸਨੀਕ ਅਥਰੇ ਸੁਭਾਓ ਲਈ ਸਦੀਆਂ ਤੋਂ ਪ੍ਰਸਿੱਧ ਮੰਨੇ ਜਾਂਦੇ ਸਨ। ਛਤ੍ਰਪਤੀ ਮਹਾਰਾਜਾ ਸ਼ੰਕਰ ਵਰਮਨ ਕਸ਼ਮੀਰ ਦਾ ਬੜਾ ਬੀਰ ਤੇ ਸਫ਼ਲ਼ ਹੁਕਮਰਾਨ ਹੋ ਬੀਤਿਆ ਹੈ। ਇਸ ਨੇ ਆਪਣੇ ਰਾਜ ਸਮੇਂ ਦੂਰ-ਦੂਰ ਦੇ ਇਲਾਕੇ ਵਿਜਯ ਕਰਕੇ ਕਸ਼ਮੀਰ ਦੇ ਰਾਜ ਵਿਚ ਸਮਿਲਤ ਕਰ ਲਏ ਸਨ। ਸੰਨ 902 ਈ: ਵਿਚ ਆਪਣੀਆਂ ਬਹੁਤ ਬੜੀਆਂ ਫ਼ਤਹਿਯਾਬੀਆਂ ਦੇ ਉਪਰੰਤ ਜਦ ਉਹ ਆਪਣੀ ਰਾਜਧਾਨੀ ਸ੍ਰੀ ਨਗਰ ਕਸ਼ਮੀਰ ਵੱਲ ਪਰਤ ਰਿਹਾ ਸੀ ਤਾਂ ਉਹਨੂੰ ਹਜ਼ਾਰੇ ਵਿਚੋਂ ਗੁਜ਼ਰਨਾ ਪਿਆ। ਉਸ ਸਮੇਂ ਇਕ ਰਾਤ ਨੂੰ ਹਜ਼ਾਰੇ ਦਿਆਂ ਖਰੂਦੀਆਂ ਨੇ ਬੇਖ਼ਬਰੀ ਵਿਚ ਉਸ ਪਰ ਐਸਾ ਕਰੜਾ ਹੱਲਾ ਬੋਲ ਦਿੱਤਾ, ਜਿਸ ਨਾਲ ਨਾ ਕੇਵਲ ਉਸ ਦਾ ਬਹੁਤ ਸਾਰਾ ਧਨ, ਅਨਾਜ ਅਤੇ ਹੋਰ ਜੰਗੀ ਸਮਾਨ ਲੁੱਟ ਲਿਆ ਸਗੋਂ ਬਹਾਦਰ ਸ਼ੰਕਰ ਵਰਮਨ ਨੂੰ ਵੀ ਉਥੇ ਨਾਲ ਹੀ ਮਾਰ ਮੁਕਾਇਆ।[1]

ਇਸੇ ਤਰ੍ਹਾਂ ਸੰਨ 1623 ਈ: ਵਿਚ ਜਦ ਜਹਾਂਗੀਰ ਬਾਦਸ਼ਾਹ ਹਜ਼ਾਰੇ ਦੇ ਰਾਹ ਕਸ਼ਮੀਰ ਜਾ ਰਿਹਾ ਸੀ ਤਾਂ ਇਥੋਂ ਦੇ ਲੋਕਾਂ ਨੇ ਦਿਨ ਦੇ ਸਮੇਂ ਤਾਂ ਇਸ ਨੂੰ ਖਾਣੇ ਦਾ ਨਿਉਤਾ ਦਿੱਤਾ ਤੇ ਇਸ ਦੀ ਪ੍ਰਾਹੁਣਾਚਾਰੀ ਵਿਚ ਬੜੀ ਅਨਸਾਰਤਾ ਦੱਸੀ ਪਰ ਠੀਕ ਉਸੇ ਰਾਤ ਹੀ ਉਸ ਦੇ ਡੇਰੇ ਪਰ ਐਸਾ ਛਪੋਲ ਮਾਰਿਆ ਕਿ ਉਸਦਾ ਬਹੁਤ ਸਾਰਾ ਸਫ਼ਰੀ ਸਮਾਨ ਲੁੱਟ ਲਿਆ।[2]

ਹਜ਼ਾਰੇ ਦਾ ਇਤਿਹਾਸ ਵਾਚਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਬੀਤੇ ਕਈ ਸੌ ਸਾਲਾਂ ਤੋਂ ਇਹ ਕਦੇ ਕਿਸੇ ਦੇ ਪੂਰੇ ਅਨਸਾਰੀ ਨਹੀਂ ਹੋਏ ਅਤੇ ਨਾ ਹੀ ਇਨ੍ਹਾਂ ਕਦੇ ਕਿਸੇ ਨੂੰ ਸੌਖੇ ਹੱਥ ਹਾਲਾ ਦਿੱਤਾ ਹੈ।

ਬੀਰ ਖ਼ਾਲਸਾ ਫ਼ੌਜ ਨੇ ਜਦੋਂ 13 ਜੁਲਾਈ 1813 ਈ: ਨੂੰ ਹਜ਼ਰੋ ਛਛ ਦੇ ਖੁੱਲ੍ਹੇ ਮੈਦਾਨ ਵਿਚ ਅਫ਼ਗਾਨਾਂ ਨਾਲ ਹੱਥੋ-ਹੱਥ ਲੜਾਈ ਲੜ ਕੇ ਪਹਿਲੀ ਵਾਰ ਉਨ੍ਹਾਂ ਪਰ ਸਫ਼ਲ ਫ਼ਤਿਹ ਪਾਈ ਤਾਂ ਮਹਾਰਾਜਾ ਸਾਹਿਬ ਨੇ ਇਸ ਕਰੜੇ ਇਲਾਕੇ ਦੇ ਪ੍ਰਬੰਧ ਲਈ ਪਹਿਲਾ ਗਵਰਨਰ ਵਰਯਾਮ ਸਰਦਾਰ ਹੁਕਮਾ ਸਿੰਘ ਚਿਮਨੀ ਨੂੰ ਨੀਯਤ ਕੀਤਾ। ਇਸ ਨਿਡਰ ਸਰਦਾਰ ਨੇ ਚੁਣ-ਚੁਣ ਕੇ ਇਨ੍ਹਾਂ ਜਰਵਾਣਿਆਂ ਨੂੰ ਪੰਜਾਬ ਦੀ ਪਵਿੱਤਰ ਧਰਤੀ ਤੋਂ ਕੱਢ ਕੇ ਮੁਕਾ ਦਿੱਤਾ।

ਚਿਮਨੀ ਸਰਦਾਰ ਨੇ ਆਪਣਾ ਨਿਵਾਸ ਅਟਕ ਦੇ ਪ੍ਰਸਿੱਧ ਇਤਿਹਾਸਿਕ ਕਿਲ੍ਹੇ ਵਿਚ ਰੱਖਿਆ ਜਿਥੋਂ ਉਹ ਨਾ ਕੇਵਲ ਉਤਰੀ ਪੰਜਾਬ ਤੇ ਛਛ ਦੇ ਇਲਾਕੇ ਪਰ ਹੀ ਹਕੂਮਤ ਕਰਦਾ ਸੀ ਸਗੋਂ ਨਾਲ ਲਾਗਵੇਂ ਹਜ਼ਾਰੇ ਦੇ ਆਪ-ਹੁਦਰੇ ਪਰਗਨੇ ਨੂੰ ਵੀ ਆਪਣੀ ਬੀਰਤਾ ਤੇ ਰਾਜਸੀ ਪ੍ਰਭਾਵ ਹੇਠ ਰੱਖ ਕੇ ਉਨ੍ਹਾਂ ਨੂੰ ਸਮੇਂ-ਸਮੇਂ ਖ਼ਾਲਸੇ ਦੀ ਸਿਰੀ ਸਾਹਿਬ ਦੇ ਚਮਤਕਾਰ ਦੱਸਦਾ ਰਹਿੰਦਾ ਸੀ। ਇਥੇ ਆਪ ਨੇ ਮਰਯਾਦਾ ਇਹ ਰੱਖੀ ਸੀ ਕਿ ਜਦ ਹਜ਼ਾਰੇ ਵਿਚ ਫ਼ਸਲਾਂ ਤਿਆਰ ਹੁੰਦੀਆਂ ਤਾਂ ਆਪ ਛਿਮਾਹੀ ਦੌਰੇ ਪਰ ਜਾਂਦੇ ਅਤੇ ਆਪਣੇ ਦਬਦਬੇ ਦੇ ਪ੍ਰਭਾਵ ਨਾਲ ਯੋਗ ਰਕਮ ਮਾਲੀਏ ਦੀ ਉਨ੍ਹਾਂ ਤੋਂ ਪ੍ਰਾਪਤ ਕਰਕੇ ਮੁੜ ਅਟਕ ਪਰਤ ਆਂਵਦੇ। ਇਹ ਸਿਲਸਿਲਾ ਸੰਨ 1818 ਈ: ਤੱਕ ਚਾਲੂ ਰਿਹਾ। ਇਸ ਸਾਲ ਹਜ਼ਾਰੇ ਵਲੋਂ ਖਬਰਾਂ ਪੁੱਜੀਆਂ ਕਿ ਕੁਝ ਮੌਲਵੀ ਲਗਪਗ ਸਾਰੇ ਇਲਾਕੇ ਵਿਚ ਖ਼ਾਲਸੇ ਵਿਰੁੱਧ ਬੜੀ ਘ੍ਰਿਣਾ ਖਿਲਾਰ ਰਹੇ ਹਨ ਜਿਸ ਦੇ ਕਾਰਨ ਇਥੋਂ ਦੇ ਵਸਨੀਕ ਜਹਾਦ ਦੀਆਂ ਤਿਆਰੀਆਂ ਕਰ ਰਹੇ ਹਨ। ਇਨ੍ਹਾਂ ਨੂੰ ਖਰੂਦ ਖੜ੍ਹਾ ਕਰਨ ਤੋਂ ਪਹਿਲਾਂ ਹੀ ਕੁਚਲ ਦੇਣ ਦੀ ਭਾਵਨਾ ਨਾਲ ਮਹਾਰਾਜਾ ਵੱਲੋਂ ਪੁੱਜੇ ਫ਼ੁਰਮਾਨ ਨੂੰ ਆਪ ਨੇ ਰਾਵਲਪਿੰਡੀ ਦੇ ਨਾਇਬ ਗਵਰਨਰ ਸ: ਮੱਖਣ ਸਿੰਘ ਨੂੰ ਘੱਲ ਦਿੱਤਾ ਕਿ ਆਪ ਆਪਣੀ ਫ਼ੌਜ ਨਾਲ ਹਜ਼ਾਰੇ ਦੀ ਸੁਧਾਈ ਲਈ ਪਹੁੰਚ ਜਾਵੋ ਅਤੇ ਜੋ ਆਪ ਨੇ ਹੋਰ ਸਹਾਇਤਾ ਦੀ ਲੋੜ ਸਮਝੀ ਤਾਂ ਸਾਨੂੰ ਲਿਖ ਘੱਲਣਾ ਅਸੀਂ ਆਪ ਹੀ ਪਹੁੰਚ ਕੇ ਸਭ ਤਰ੍ਹਾਂ ਦੀ ਮਦਦ ਕਰ ਦਿਆਂਗੇ।

ਉਪਰੋਕਤ ਵਿਚਾਰ ਅਨੁਸਾਰ ਸਰਦੀਆਂ ਦੇ ਆਰੰਭ ਹੁੰਦਿਆਂ ਹੀ ਸਰਦਾਰ ਮੱਖਣ ਸਿੰਘ ਸਣੇ ਪਿੰਡੀ ਦੀ ਖ਼ਾਲਸਾ ਫ਼ੌਜ ਦੇ

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ




Harcourts Topline
Licensed Agent REAA 2008
Your home is One of your most valuable
asset
We are a complete One stop shop for all your Real Estate needs
We offer the following services:
• Residential Sales
• Rental Property Management (REINZ Accredited PM Company)
• Business Sales
• Commercial Sales
Commercial Leasing
Call The Topline TEAM
for any of your Real Estate needs & more
ਘਰ ਖਰੀਦਣ ਅਤੇ ਵੇਚਣ ਲਈ
ਸੰਪਰਕ ਕਰੋ।
Hardev Brar
M: 027 442 7338
E: Hardev.brar@harcourts.co.nz
Mehul Mody
M: 021 990 080
E: mehul.mody@harcourts.co.nz
M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill, Auckland


DH
SUPERMARKET
ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ
ਤਾਜ਼ਾ ਸਬਜੀਆਂ ਮਿਲਦੀਆਂ ਹਨ।
PAPATOETOE
141 Kolmar Road, Paptoetoe
FLATBUSH
46 Ormiston Road, East Tamaki
PAPAKURA
38 O Shannessey Street, Papakura


SPARKELS
JEWELLERS
SPARKLE YOUR LIFE WITH SPARKLE JAWELLER
We Buy Gold Diamond & Coins
22kt., 9kt, 18kt & Diamond Jewellery
Jewellery Valuation
Jewellery Repairing
Lucky Stones
208, Great South Road Papatoetoe
Ph: 0800 030377
CALL: G S HAPPY
DDI 093901041

# ਸ਼ਾਦਮਾਨ ਚੌਕ ਵਿਚੋਂ ਉਪਜੀ ਸੋਚ



ਸਮਾਜ ਦੇ ਦਬੇ ਕੁਚਲੇ ਲੋਕਾਂ ਨੂੰ ਹਰ ਖੇਤਰ ਵਿੱਚ ਬਰਾਬਰ ਕਰਨਾ ਹੀ ਕ੍ਰਾਂਤੀ ਹੁੰਦੀ ਹੈ। ਸੱਚਾ ਦੇਸ਼ ਭਗਤ ਇਹੀ ਸੁਪਨੇ ਲੈਂਦਾ ਹੈ। ਅਜਿਹੇ ਵਿਅਕਤੀ ਮੌਤ ਨੂੰ ਗਲਵੱਕੜੀ ਪਾ ਕੇ ਪਿਛਲਿਆਂ ਨੂੰ ਮਾਰਗਦਰਸ਼ਕ ਰੂਪੀ ਸੱਚਾ ਖਜ਼ਾਨਾ ਸੌਂਪ ਜਾਂਦੇ ਹਨ। ਇਹ ਲੋਕ ਦੇਸ਼ ਵਿੱਚ ਸਭ ਦੇ ਸਾਂਝੇ ਹੁੰਦੇ ਹਨ। ਅੰਗਰੇਜ਼ ਦੀ ਭਾਰਤੀਆਂ ਪ੍ਰਤੀ ਤਾਨਾਸ਼ਾਹੀ ਨੀਤੀ ਅਤੇ ਨਜ਼ਰੀਏ ਨੇ ਭਗਤ ਸਿੰਘ ਸਰਦਾਰ ਨੂੰ ਕ੍ਰਾਂਤੀਕਾਰੀ ਇਬਾਰਤ ਲਿਖਣ ਲਈ ਮਜਬੂਰ ਕੀਤਾ ਸੀ। ਜਦੋਂ ਤਾਨਾਸ਼ਾਹੀ ਦਾ ਰਵੱਈਆ ਆਮ ਹੋ ਜਾਵੇ ਤਾਂ ਆਮ ਲੋਕ ਸਤਾਏ ਹੋਏ ਕ੍ਰਾਂਤੀ ਨੂੰ ਅਧਿਕਾਰ ਸਮਝਦੇ ਹਨ। ਕ੍ਰਾਂਤੀ ਦੇ ਨਾਲ ਸੱਤਾ ਅਤੇ ਸਮਾਜਿਕ ਤਬਦੀਲੀਆਂ ਦੀ ਲਹਿਰ ਪੈਦਾ ਹੁੰਦੀ ਜੋ ਢਾਂਚੇ ਅੰਦਰ ਇਨਕਲਾਬ ਤੇ ਜਾ ਕੇ ਰੁਕਦੀ ਹੈ।ਫਿਰ ਇੰਨਕਲਾਬ ਜ਼ਿੰਦਾਬਾਦ ਹੁੰਦਾ ਹੈ। ਇਸ ਵਰਤਾਰੇ ਨੇ ਭਗਤ ਸਿੰਘ ਨੂੰ ਇਨਕਲਾਬ ਬਾਰੇ ਸਮੇਂ ਦੇ ਘਟਨਾਕ੍ਰਮ ਵਿੱਚੋਂ ਇਹ ਸ਼ਬਦ ਲਿਖਣ ਲਈ ਮਜਬੂਰ ਕੀਤਾ, "ਜਨਤਾ ਦੀ ਭੀੜ ਦਾ, ਜਨਤਾ ਦੀ ਭੀੜ ਉੱਤੇ ਰਾਜ਼ ਕਰਨ ਲਈ ਸੱਤਾ ਤੇ ਕਬਜਾ ਕਰਨਾ ਹੀ ਇਨਕਲਾਬ ਹੈ" ਹਰ ਮਾਂ-ਪਿਓ ਆਪਣੀ ਔਲਾਦ ਦੀ ਖੁਸ਼ਹਾਲੀ ਲੋਚਦਾ ਹੈ ਪਰ ਜੇ ਔਲਾਦ ਜਮਾਂਦਰੂ ਹੀ ਇੰਨਕਲਾਬੀ ਹੋਵੇ ਤਾਂ ਮੰਜ਼ਲ ਮਾਂ ਪਿਓ ਦੀ ਸੋਚ ਦੇ ਉਲਟ ਹੋ ਜਾਂਦੀ ਹੈ। ਪਰ ਇੱਥੇ ਤਾਂ ਮਾਂ ਪਿਓ ਚਾਚੇ ਸਭ ਇੰਨਕਲਾਬੀ ਗੁੜ੍ਹਤੀ ਦੇਣ ਵਾਲੇ ਹੀ ਸਨ। ਸ਼ਹੀਦ ਦੇਸ਼ ਲਈ ਆਪਾਂ ਵਾਰਕੇ ਜੀਵਨ ਦੇ ਆਨੰਦ ਨੂੰ ਤਿਆਗ ਕੇ ਹੀ ਕੌਮੀ ਪਰਵਾਨੇ ਬਣਕੇ ਗੁਲਾਮੀ ਦੀ ਜ਼ੰਜ਼ੀਰ ਨੂੰ ਪੁੱਟ ਸੁੱਟਦੇ ਹਨ। ਮਾਪਿਆਂ ਦੀ ਮੋਹ ਭਿੱਜੀ ਦਾਸਤਾਨ ਕਰਕੇ 1924 ਵਿੱਚ ਭਗਤ ਸਿੰਘ ਸਰਦਾਰ ਉੱਤੇ ਸਾਕ ਸੰਬੰਧੀਆਂ ਅਤੇ ਘਰ ਵਾਲਿਆਂ ਨੇ ਵਿਆਹ ਲਈ ਜ਼ੋਰ ਪਾਇਆ ਪਰ ਤਸਵੀਰ ਆਪਣਾ ਰੁੱਖ ਬਦਲਦੀ ਗਈ। ਬਚਪਨ ਵਿੱਚ ਭਗਤ ਸਿੰਘ ਨੇ ਆਪਣੇ ਪਿਤਾ ਨੂੰ ਕਿਹਾ ਸੀ ਕਿ "ਅਸੀਂ ਖੇਤਾਂ ਵਿੱਚ ਅਨਾਜ ਦੀ ਜਗ੍ਹਾ ਬੰਦੂਕਾਂ ਕਿਉਂ ਨਹੀਂ ਬੀਜਦੇ ਜਿਸ ਨਾਲ ਦੇਸ਼ ਅਜ਼ਾਦ ਹੋਵੇਗਾ।" ਇਸ ਮਾਸੂਮੀਅਤ ਭਰੀ ਆਵਾਜ਼ ਨੇ ਭਗਤ ਸਿੰਘ ਦੇ ਇਰਾਦੇ ਬਚਪਨ ਵਿੱਚ ਹੀ ਲਿਖ ਦਿੱਤੇ ਸਨ। 28 ਸਤੰਬਰ,2007 ਤੋਂ 30 ਮਾਰਚ, 1931 ਤੱਕ ਜੀਵਨ ਦੇ ਪੰਧ ਦੌਰਾਨ ਇਸ ਜਾਗਦੀ ਅਤੇ ਜਗਦੀ ਸੋਚ ਨੇ ਗੁਲਾਮੀ ਦੇ ਖਾਤਮੇ ਦੀ ਨੀਂਹ ਰੱਖ ਕੇ ਤਿੰਨ ਸੰਦੇਸ਼ ਦਿੱਤੇ :- ਮਾਪਿਆਂ ਦੇ ਚਾਅ ਮਲਾਰ ਵਿਆਹ ਦੇ ਮੌਕੇ ਨੂੰ ਲਾੜੀ ਮੌਤ ਨਾਲ ਵਿਆਹੁਣ ਦਾ ਸੰਦੇਸ਼ ਦੇ ਕੇ ਨਾਗਮਣੀ 1998 ਵਿੱਚ ਛਪੀ ਮੇਲਾਰਾਮ ਤਾਇਰ ਦੀ ਘੋੜੀ ਅਨੁਸਾਰ ਇੱਕ ਨਿਵੇਕਲੀ ਪਰਿਭਾਸ਼ਾ ਦਿੱਤੀ :- "ਆਓ ਨੀ ਭੈਣੋ ਚੱਲ ਗਾਈਏ ਨੀ ਘੋੜੀਆਂ, ਜੰਝ ਤੇ ਹੋਈ ਤਿਆਰ ਵੇ ਹਾਂ, ਮੌਤ ਕੁੜੀ ਪ੍ਰਨਾਵਣ ਚੱਲਿਆ, ਦੇਸ਼ ਭਗਤ ਸਰਦਾਰ ਵੇ ਹਾਂ, ਹੰਝੂਆਂ ਦੇ ਪਾਣੀ ਭਰੋ ਨੀ ਘੜੋਲੀ, ਬੈਠੇ ਤਾਂ ਪੈਰਾਂ ਦੇ ਭਾਰ ਵੇ ਹਾਂ, ਫਾਂਸੀ ਦੇ ਤਖਤੇ ਨੂੰ ਖਾਰਾ ਬਣਾ ਕੇ, ਉਹ ਬੈਠਾ ਜੇ ਚੌਂਕੜੀ ਮਾਰ ਵੇ ਹਾਂ, ਫਾਂਸੀ ਦੀ ਟੋਪੀ ਉਨ੍ਹੇ ਸਿਰ ਤੇ ਸਜਾਈ, ਸੇਹਰਾ ਤਾਂ ਝਾਲਰਦਾਰ ਵੇ ਹਾਂ, ਜੰਡੀ ਤਾਂ ਵੱਢੀ ਲਾੜੇ ਜ਼ੋਰ ਜ਼ੁਲਮ ਦੀ, ਜਬਰਾਂ ਦੀ ਮਾਰੀ ਤਲਵਾਰ ਵੇ ਹਾਂ, ਰਾਜਗੁਰੂ ਸੁਖਦੇਵ ਸਰਬਾਹਲੇ, ਲਾੜਾ ਤੇ ਬੈਠਾ ਵਿਚਕਾਰ ਵੇ ਹਾਂ, ਵਾਂਗ ਫੜਾਈ ਜਿੰਨ੍ਹਾਂ ਭੈਣਾਂ ਨੇ, ਭੈਣਾਂ ਦਾ ਕੀਤਾ ਹੁਦਾਰ ਵੇ ਹਾਂ, ਹਰੀ ਕ੍ਰਿਸ਼ਨ ਉਹਦਾ ਬਣਿਆਂ ਸਾਂਢੂ, ਢੁੱਕੇ ਤਾਂ ਢੁੱਕੇ ਇੱਕੋ ਵਾਰ ਵੇ ਹਾਂ, ਪੈਂਤੀ ਕਰੋੜ ਤੇਰੇ ਜਾਂਝੀ ਵੇ ਲਾੜਿਆ, ਪੈਦਲ ਤੇ ਕਈ ਅਸਵਾਰ ਵੇ ਹਾਂ, ਕਾਲੀਆਂ ਪੁਸ਼ਾਕਾਂ ਪਾ ਕੇ ਜੰਞ ਜੁ ਢੁੱਕੀ, ਤਾਇਰ ਵੀ ਹੋਇਆ ਤਿਆਰ ਵੇ ਹਾਂ" ਬੰਦੂਕ ਤੋਂ ਬਾਅਦ ਕਲਮ ਅਤੇ ਕਿਤਾਬ ਚੁੱਕਣ ਦਾ ਸੰਦੇਸ਼ ਦੇ ਕੇ ਇੱਕ ਨਵੀਂ ਚੇਤਨਾ ਲਹਿਰ ਪੈਦਾ ਕੀਤੀ ਇਸ ਨਾਲ ਆਪਣੀ ਇੰਨਕਲਾਬੀ ਸੋਚ ਦਾ ਸੁਨੇਹਾ ਦੇ ਕੇ ਨੌਜਵਾਨੀ ਨੂੰ ਦੇਸ਼-ਭਗਤੀ ਦਾ ਸਬਕ ਦਿੱਤਾ :- "ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ, ਮੇਰੇ ਲਹੂ ਦਾ ਕੇਸਰ ਰੇਤੇ ਚ ਨਾ ਰੁਲਾਇਓ" ਇਹ ਵੀ ਦਰਸਾਇਆ ਕਿ ਖੂਨ ਨਾਲ ਲਿਖਿਆ ਦੇਸ਼ ਦਾ ਇਤਿਹਾਸ ਕਾਗਜ਼ ਅਤੇ ਸ਼ਿਆਹੀ ਨਾਲ ਲਿਖੇ ਇਤਿਹਾਸ ਤੋਂ ਵੱਧ ਇੰਨਕਲਾਬੀ ਅਤੇ ਨੈਤਿਕ ਨਾਬਰੀ ਦਾ ਪ੍ਰਤੀਕ ਹੁੰਦਾ ਹੈ। ਇਸ ਇਤਿਹਾਸ ਦੀ ਪਹਿਚਾਣ ਮਘਦੇ ਸੂਰਜ, ਚਮਕਦੇ ਚੰਨ ਅਤੇ ਰਹਿੰਦੀ ਦੁਨੀਆ ਤੱਕ ਲਿਸ਼ਕ ਮਾਰਦੀ ਰਹਿੰਦੀ ਹੈ। ਨੌਜਵਾਨੀ ਦਾ ਮਾਰਗ ਦਰਸ਼ਕ ਕਰਕੇ ਜਜ਼ਬੇ ਅਤੇ ਇੰਨਕਲਾਬ ਦਾ ਸੰਚਾਰ ਵੀ ਖੂਨੀ ਇਤਿਹਾਸ ਹੀ ਕਰਦਾ ਹੈ ਇਸੇ ਕਰਕੇ ਨੌਜਵਾਨੀ ਭਗਤ ਸਿੰਘ ਸਰਦਾਰ ਤੋਂ ਪ੍ਰੇਰਿਤ ਹੁੰਦੀ ਹੈ। ਦੇਸ਼ ਕੌਮ ਲਈ ਮਰ-ਮਿਟਣ ਅਤੇ ਅਮਰ ਹੋਣ ਲਈ ਤਿਆਰ ਰਹਿੰਦੀ ਹੈ। " ਦਿਲ ਸੇ ਨਾ ਨਿਕਲੇਗੀ ਮਰਕਰ ਵੀ ਉਲਫ਼ਤ, ਮੇਰੀ ਮਿੱਟੀ ਮੇਂ ਭੀ ਖ਼ੁਸ਼ਬੂ-ਏ-ਵਤਨ ਆਏਗੀ" ਸਰਦਾਰ ਭਗਤ ਸਿੰਘ ਦਾ ਦੇਸ਼ ਪ੍ਰੇਮ, ਜਜ਼ਬਾ, ਹਿੰਮਤ ਅਤੇ ਸੋਚ ਨੂੰ ਪੜ੍ਹ-ਸੁਣ ਕੇ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿ ਉਸ ਦੀ ਸੋਚ ਸਾਡੇ ਵਿੱਚ ਅੱਜ ਕਿੱਥੇ ਖੜ੍ਹੀ ਹੈ? ਜੇ ਉਸਨੂੰ ਸ਼ਹਾਦਤ ਤੋਂ ਬਾਅਦ ਦੀ ਤਸਵੀਰ ਦਾ ਪਤਾ ਹੁੰਦਾ ਤਾਂ ਉਸ ਦਾ ਮਨ ਕੀ ਸੋਚਦਾ ? ਅੱਜ ਇੰਨਕਲਾਬੀ ਸੋਚ ਦਾ ਅਧਿਆਨ ਕਰਕੇ ਦਿਨ-ਦਿਹਾੜੇ ਮਨਾਉਣ ਦੇ ਨਾਲ ਇਸ ਸੋਚ ਨੂੰ ਸਦਾ ਬਹਾਰ ਬਣਾਉਣ ਦੀ ਲੋੜ ਤਾਂ ਹੈ ਨਾਲ ਹੀ ਲਹਿੰਦੇ ਚੜ੍ਹਦੇ ਪੰਜਾਬ ਵਿੱਚ ਭਗਤ ਸਿੰਘ ਦੇ ਨਾਂ ਤੇ ਅਦਾਰਿਆਂ ਅਤੇ ਬੁਨਿਆਦੀ ਢਾਂਚੇ ਦੇ ਨਾਮ ਰੱਖਣੇ ਲਾਜ਼ਮੀ ਹਨ।ਭਗਤ ਸਿੰਘ ਸਮੁੱਚੀ ਪੰਜਾਬੀਅਤ ਦਾ ਨਾਇਕ ਹੈ। ਹੁਣ ਤਾਜਾ ਚਰਚਾ ਲਹਿੰਦੇ ਵਾਲਿਆਂ ਨੇ ਇਹ ਛੇੜ ਦਿੱਤੀ ਹੈ ਕਿ ਸ਼ਮਾਦਾਨ ਚੌਂਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਤੇ ਰੱਖਣ ਲਈ ਕਾਇਮ ਕੀਤੀ ਕਮੇਟੀ ਦੇ ਮੈਂਬਰ ਤਾਰਿਕ ਮਜੀਦ ਨੇ ਆਪਣੀ ਰਾਏ ਚ ਭਗਤ ਸਿੰਘ ਨੂੰ ਕ੍ਰਾਂਤੀਕਾਰੀ ਦੀ ਜਗਾਹ ਤੇ ਦਹਿਸ਼ਤਗਰਦ ਦੱਸ ਦਿੱਤਾ।ਤਜ਼ਵੀਜ ਰੱਦ ਕਰ ਦਿੱਤੀ। ਇਸ ਤੋਂ ਇਹ ਵੀ ਸਪੱਸ਼ਟ ਹੋ ਗਿਆ ਕਿ ਤਾਰਿਕ ਮਜੀਦ ਵਾਲੀ ਸੋਚ ਨਾਲੋਂ ਨਾਲ ਤੁਰੀ ਹੋਈ ਹੈ। ਸ਼ਾਦਮਾਨ ਚੌਂਕ ਵਿੱਚੋਂ ਉੱਪਜੀ ਇਸ ਸੌੜੀ ਸੋਚ ਨੇ ਕਈ ਨਵੇਂ ਸਬਕ ਦਿੱਤੇ ਹਨ।ਪਾਕਿਸਤਾਨ ਵਿੱਚ ਸ਼ਾਦਮਾਨ ਚੌਂਕ ਤੇ ਮੋਮਬੱਤੀਆਂ ਜਗਾ ਕੇ ਭਗਤ ਸਿੰਘ ਨੂੰ ਯਾਦ ਵੀ ਕਰਦੇ ਹਨ। ਸ਼ਾਦਮਾਨ ਚੌਂਕ ਦਾ ਨਾਂ ਭਗਤ ਸਿੰਘ ਦੇ ਨਾਮ ਤੇ ਰੱਖਣਾ ਅਤੇ ਬੁੱਤ ਲਗਾਉਣ ਦੀ ਸੋਚ ਵੀ ਲਹਿੰਦੇ ਪੰਜਾਬੀ ਇਨਕਲਾਬੀਆਂ ਦੀ ਹੀ ਹੈ। ਭਗਤ ਸਿੰਘ ਸਭ ਦਾ ਸਾਂਝਾ ਨਾਇਕ ਹੈ ਇਸ ਲਈ ਉਸ ਦੀ ਸੋਚ ਨੂੰ ਬਚਾਉਣ ਲਈ ਅਤੇ ਯਾਦ ਰੱਖਣ ਲਈ ਉਸ ਦੇ ਨਾਮ ਤੇ ਜਾਇਦਾਦਾਂ ਦੇ ਨਾਮ ਰੱਖਣੇ ਬਿਲਕੁੱਲ ਜਾਇਜ਼ ਹਨ।ਸਾਡੇ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਨੇ ਭਗਤ ਸਿੰਘ ਦੇ ਨਾਂ ਤੇ ਕੁੱਝ ਨਾਮ ਰੱਖੇ ਹਨ ਨਾਲ ਹੀ ਪੰਜਾਬ ਦਾ ਅਸਲੀ ਨਾਇਕ ਬਣਾ ਕੇ ਪੇਸ਼ ਵੀ ਕੀਤਾ ਹੈ।

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ ,
ਮੋ-98781-11445

# ਏਅਰ ਕੈਨੇਡਾ ਨੇ ਬੋਰਡਿੰਗ ਲਈ ਚਿਹਰੇ ਦੀ ਪਛਾਣ ਤਕਨੀਕ ਕੀਤੀ ਸ਼ੁਰੂ



ਵੈਨਕੂਵਰ: ਏਅਰ ਕੈਨੇਡਾ ਪਹਿਲੀ ਕੈਨੇਡੀਅਨ ਏਅਰਲਾਈਨ ਬਣ ਗਈ ਹੈ ਜਿਸ ਨੇ ਬੋਰਡਿੰਗ ਗੇਟਾਂ 'ਤੇ ਚਿਹਰੇ ਦੀ ਪਛਾਣ ਤਕਨਾਲੋਜੀ ਨੂੰ ਲਾਂਚ ਕੀਤਾ ਹੈ, ਜਿਸ ਦਾ ਉਦੇਸ਼ ਬੋਰਡਿੰਗ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ ਅਤੇ ਯਾਤਰੀਆਂ ਲਈ ਸਹੂਲਤ ਵਧਾਉਣਾ ਹੈ।

ਇਸ ਹਫ਼ਤੇ ਤੋਂ ਵੈਨਕੂਵਰ ਇੰਟਰਨੈਸ਼ਨਲ ਏਅਰਪੋਰਟ ਤੋਂ ਰਵਾਨਾ ਹੋਣ ਵਾਲੀਆਂ ਜ਼ਿਆਦਾਤਰ ਘਰੇਲੂ ਉਡਾਣਾਂ ਦੇ ਯਾਤਰੀ ਪਾਸਪੋਰਟ ਜਾਂ ਡਰਾਈਵਰ ਲਾਇਸੈਂਸ ਵਰਗੀ ਰਵਾਇਤੀ ਪਛਾਣ ਪੇਸ਼ ਕੀਤੇ ਬਿਨਾਂ ਆਪਣੀਆਂ ਉਡਾਣਾਂ ਵਿੱਚ ਸਵਾਰ ਹੋ ਸਕਦੇ ਹਨ।

ਪ੍ਰੋਗਰਾਮ, ਜੋ ਕਿ ਸਵੈ-ਇੱਛਤ ਹੈ, ਭਾਗੀਦਾਰਾਂ ਨੂੰ ਏਅਰ ਕੈਨੇਡਾ ਐਪ ਦੀ ਵਰਤੋਂ ਕਰਕੇ ਆਪਣੇ ਚਿਹਰੇ ਦੀ ਫੋਟੋ ਅਤੇ ਆਪਣੇ ਪਾਸਪੋਰਟ ਦਾ ਸਕੈਨ ਅਪਲੋਡ ਕਰਨ ਦੀ ਆਗਿਆ ਦਿੰਦਾ ਹੈ। ਇੱਕ ਵਾਰ ਜਾਂਚ ਪੂਰੀ ਹੋਣ ਤੋਂ ਮਗਰੋਂ ਯਾਤਰੀ ਬੋਰਡਿੰਗ ਗੇਟਾਂ ਤੱਕ ਨਿਰਵਿਘਨ ਪਹੁੰਚ ਕਰਨ ਲਈ ਆਪਣੀ ਡਿਜੀਟਲ ਆਈਡੀ ਦੀ ਵਰਤੋਂ ਕਰ ਸਕਦੇ ਹਨ। ਸ਼ੁਰੂਆਤੀ ਤੌਰ 'ਤੇ ਫਰਵਰੀ 2023 ਵਿੱਚ ਇੱਕ ਪਾਇਲਟ ਪ੍ਰੋਜੈਕਟ ਵਜੋਂ ਪੇਸ਼ ਕੀਤਾ ਗਿਆ, ਡਿਜੀਟਲ ਆਈ.ਡੀ ਵਿਕਲਪ ਪਹਿਲਾਂ ਹੀ ਟੋਰਾਂਟੋ, ਕੈਲਗਰੀ ਅਤੇ ਸੈਨ ਫਰਾਂਸਿਸਕੋ ਵਿੱਚ ਏਅਰ ਕੈਨੇਡਾ ਦੇ ਮੈਪਲ ਲੀਫ ਲਾਉਂਜ ਵਿੱਚ ਉਪਲਬਧ ਹੈ। ਏਅਰਲਾਈਨ ਨੇ ਨੇੜਲੇ ਭਵਿੱਖ ਵਿੱਚ ਹੋਰ ਕੈਨੇਡੀਅਨ ਏਅਰਪੋਰਟ ਗੇਟਾਂ ਤੱਕ ਪ੍ਰੋਗਰਾਮ ਦਾ ਵਿਸਤਾਰ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਹੈ।

ਹਾਲਾਂਕਿ ਏਅਰ ਕੈਨੇਡਾ ਦਾ ਇਹ ਕਦਮ ਕੈਨੇਡੀਅਨ ਏਅਰਲਾਈਨਾਂ ਲਈ ਪਹਿਲਾ ਹੈ, ਬਾਇਓਮੀਟ੍ਰਿਕ ਪ੍ਰਣਾਲੀਆਂ ਨੂੰ ਪਹਿਲਾਂ ਹੀ ਵਿਸ਼ਵ ਪੱਧਰ 'ਤੇ ਏਅਰਲਾਈਨਾਂ ਅਤੇ ਹਵਾਈ ਅੱਡਿਆਂ ਦੁਆਰਾ ਵਿਆਪਕ ਤੌਰ 'ਤੇ ਅਪਣਾਇਆ ਗਿਆ ਹੈ। ਸੰਯੁਕਤ ਰਾਜ ਵਿੱਚ ਡੈਲਟਾ ਏਅਰ ਲਾਈਨਜ਼ ਨੇ 2021 ਤੋਂ ਅਟਲਾਂਟਾ, ਡੇਟ੍ਰੋਇਟ, ਲਾਸ ਏਂਜਲਸ ਅਤੇ ਨਿਊਯਾਰਕ ਵਰਗੇ ਹਵਾਈ ਅੱਡਿਆਂ 'ਤੇ ਸਮਾਨ ਦੀ ਜਾਂਚ, ਸੁਰੱਖਿਆ ਕਲੀਅਰੈਂਸ ਅਤੇ ਬੋਰਡਿੰਗ ਲਈ ਚਿਹਰੇ ਦੀ ਪਛਾਣ ਦੀ ਪੇਸ਼ਕਸ਼ ਕੀਤੀ ਹੈ।

ਇਸੇ ਤਰ੍ਹਾਂ ਜਰਮਨੀ ਦੇ ਫਰੈਂਕਫਰਟ ਹਵਾਈ ਅੱਡੇ ਨੇ ਸਾਰੀਆਂ ਏਅਰਲਾਈਨਾਂ ਲਈ ਬਾਇਓਮੀਟ੍ਰਿਕ ਬੋਰਡਿੰਗ ਲਾਗੂ ਕੀਤੀ ਹੈ। ਇੱਕ ਸਿਸਟਮ ਸ਼ੁਰੂ ਵਿੱਚ 2020 ਵਿੱਚ ਰੋਲਆਊਟ ਕੀਤਾ ਗਿਆ ਸੀ। ਚਿਹਰੇ ਦੀ ਪਛਾਣ ਤਕਨਾਲੋਜੀ ਨੂੰ ਅਪਣਾਉਣ ਨੇ ਗੋਪਨੀਯਤਾ, ਡਾਟਾ ਸੁਰੱਖਿਆ, ਅਤੇ ਸੰਭਾਵੀ ਨੌਕਰੀ ਆਟੋਮੇਸ਼ਨ 'ਤੇ ਚਿੰਤਾਵਾਂ ਨੂੰ ਜਨਮ ਦਿੱਤਾ ਹੈ। ਆਲੋਚਕਾਂ ਨੇ ਨਿੱਜੀ ਡੇਟਾ ਦੇ ਪ੍ਰਬੰਧਨ ਅਤੇ ਸਟੋਰੇਜ ਦੇ ਨਾਲ-ਨਾਲ ਸੌਫਟਵੇਅਰ ਦੁਆਰਾ ਗ਼ਲਤ ਪਛਾਣ ਦੇ ਪ੍ਰਭਾਵਾਂ 'ਤੇ ਸਵਾਲ ਉਠਾਏ ਹਨ।

# ਪ੍ਰਧਾਨ ਮੰਤਰੀ ਦੀ 'ਲਿਮੋਜ਼ਿਨ' ਨਾਲ ਟਕਰਾਈ ਪੁਲਸ ਕਾਰ




ਵੈਲਿੰਗਟਨ - ਨਿਊਜ਼ੀਲੈਂਡ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਇੱਥੇ ਵੈਲਿੰਗਟਨ ਵਿੱਚ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਅਤੇ ਵਿੱਤ ਮੰਤਰੀ ਨਿਕੋਲਾ ਵਿਲਿਸ ਨੂੰ ਲਿਜਾ ਰਹੀ ਸਰਕਾਰੀ ਲਿਮੋਜ਼ਿਨ ਕਾਰ ਦੇ ਪਿਛਲੇ ਹਿੱਸੇ ਨਾਲ ਪੁਲਸ ਦੀ ਕਾਰ ਟਕਰਾ ਗਈ। ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ।

ਇਹ ਹਾਦਸਾ ਨਿਊਜ਼ੀਲੈਂਡ ਦੀ ਰਾਜਧਾਨੀ ਵੈਲਿੰਗਟਨ ਦੇ ਹਵਾਈ ਅੱਡੇ ਨੂੰ ਜਾਂਦੀ ਮੁੱਖ ਸੜਕ 'ਤੇ ਬੁੱਧਵਾਰ ਦੁਪਹਿਰ ਨੂੰ ਵਾਪਰਿਆ, ਜਿੱਥੇ ਸੰਸਦ ਸਥਿਤ ਹੈ। ਹਾਲਾਂਕਿ ਇਹ ਹਾਦਸਾ ਮਾਮੂਲੀ ਸੀ ਅਤੇ ਇਸ ਘਟਨਾ 'ਚ ਕੋਈ ਜ਼ਖਮੀ ਨਹੀਂ ਹੋਇਆ। ਪੁਲਸ ਨੇ ਟੱਕਰ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਨਿਊਜ਼ੀਲੈਂਡ ਦਾ ਗ੍ਰਹਿ ਮੰਤਰਾਲੇ ਸਰਕਾਰੀ ਵਾਹਨਾਂ ਦਾ ਪ੍ਰਬੰਧਨ ਕਰਦਾ ਹੈ। ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਇਸ ਹਾਦਸੇ 'ਚ 'ਲਿਮੋਜ਼ਿਨ' ਕਾਰ ਦਾ ਪਿਛਲਾ ਹਿੱਸਾ ਨੁਕਸਾਨਿਆ ਗਿਆ ਹੈ।

ਲਕਸਨ ਨੇ ਵੀਰਵਾਰ ਨੂੰ ਆਕਲੈਂਡ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਹਾਦਸਾ "ਥੋੜਾ ਹੈਰਾਨ ਕਰ ਦੇਣ ਵਾਲਾ" ਸੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ "ਠੀਕ" ਹਨ ਅਤੇ ਮੈਨੂੰ ਨਹੀਂ ਪਤਾ ਕਿ ਕਾਰ ਨੂੰ ਸੇਵਾ ਤੋਂ ਹਟਾ ਦਿੱਤਾ ਜਾਵੇਗਾ ਜਾਂ ਨਹੀਂ।



iColour Graphics T/A
iSIGNS
DESIGN
PRINT
SIGN
PRINTING
BUSINESS CARDS
FLYERS
PHOTOCOPY
LAMINATION
BINDING & MORE...
SIGNAGE
SHOP SIGNS
VEHICLE SIGNS
FOOTPATH SIGNS
PULL-UP BANNERS
POSTERS & MORE...
Ph: 0800 03 03 99 | Mob: 021 670 590
Email: icolourgraphics@gmail.com
Unit 5/2 Tironui Station Road West, Takanini




Beautiful Smiles For Life...
Clendon Dental Centre Ltd
15 Palmers Road Clendon, Auckland
Ph: 09 266 0769, Mob: 022 040 9399
Papatoetoe Family Dentist
133 Kolmar Road Papatoetoe, Auckland
(Inside East Tamaki Health Care)
Ph: 09 279 9100, Mob: 021 659 934
ਇਥੇ ਹਰ ਤਰਾਂ ਦੇ ਦੰਦਾਂ ਦਾ ਇਲਾਜ ਕੀਤਾ ਜਾਂਦਾ ਹੈ।
ਆਪਣੀ ਪੰਜਾਬੀ ਭਾਸ਼ਾ ਬੋਲਣ ਵਾਲੇ ਡਾਕਟਰਾਂ ਨਾਲ ਗੱਲ ਕਰੋ।
Dr. Inderpal Singh (BDS)
Dr. Kiranpal Kaur (BDS)
FREE WINZ QUOTES & ACC ACCIDENTS
Mon to Fri: 9.00am - 6.00pm




UNIVERSAL HOMEOPATHIC NZ LTD. AUCKLAND
PROVIDING AN EXCEPTIONAL EXPERIENCE IN ALTERNATIVE THERAPIES.
ਡਾ. ਪ੍ਰੀਤ ਨਾਲ ਤੁਸੀ ਅੰਗਰੇਜੀ, ਪੰਜਾਬੀ, ਹਿੰਦੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ।
HOMEOPATHY
Universal Homeopathic NZ Ltd
DR PREET
Consultant and Physician
Visit
UNIVERSAL HOMEOPATHIC NZ LTD. AUCKLAND
ACNE
ASTHMA
DEPRESSION
DIABETES
GALLSTONES
GOUT
HAIR LOSS
INDIGESTION
MIGRAINE
OBESITY
PILES
PIMPLES
WORMS
STRESS
415, Great South Road
info@naturallyhealth.co.nz
P: 021-1256-356




TAKANINI TYRES & MECHANICAL LTD
Our Services :
• Oil Changes
• Wheel alignment
• Tire Services
• Brake Repairs
• WOF + WOF Repairs
CURRENT SPECIALS
WHEEL ALIGNMENT $60 ONLY
WOF SPECIAL ONLY $55
BASIC CAR SERVICE $110 WITH OIL FILTER
WE ARE OPEN MON-SAT 8.30AM TO 5PM
266 GREAT SOUTH ROAD,TAKANINI
021 044 7389
09 212 4111
FB - Takanini Tyres
Karamjit (Jit) Singh MANAGER
VALID UNTIL 30 NOVEMBER 2024







# ਚੀਨ ‘ਚ ਮਿਲਿਆ ਦੁਨੀਆ ਦਾ ਸਭ ਤੋਂ ਵੱਡਾ ਘੋਲਦ ਭੰਡਾਰ



ਬੀਜਿੰਗ: ਚੀਨ ਦੇ ਹੁਨਾਨ ਸੂਬੇ ਵਿੱਚ ਸੋਨੇ ਦੇ ਵੱਡੇ ਭੰਡਾਰ ਦੀ ਖੋਜ ਕੀਤੀ ਗਈ ਹੈ। ਹੁਨਾਨ ਸੂਬੇ ਦੇ ਭੂ-ਵਿਗਿਆਨਕ ਬਿਊਰੋ ਨੇ ਕਿਹਾ ਹੈ ਕਿ ਸੋਨੇ ਦੀ ਇਹ ਖੋਜ ਪਿੰਗਜ਼ਿਆਂਗ ਕਾਉਂਟੀ ਵਿੱਚ ਕੀਤੀ ਗਈ ਹੈ। ਮਾਹਿਰਾਂ ਦਾ ਅਨੁਮਾਨ ਹੈ ਕਿ ਇਸ ਖਾਨ ਵਿੱਚ 1000 ਮੀਟ੍ਰਿਕ ਟਨ ਉੱਚ ਗੁਣਵੱਤਾ ਵਾਲਾ ਸੋਨਾ ਹੋ ਸਕਦਾ ਹੈ। ਇਸ ਸੋਨੇ ਦੀ ਕੀਮਤ ਭਾਰਤੀ ਰੁਪਏ ‘ਚ ਲਗਭਗ 7 ਲੱਖ ਕਰੋੜ ਰੁਪਏ ਦੱਸੀ ਗਈ ਹੈ। ਇਹ ਖੋਜ ਚੀਨ ਦੇ ਸੋਨੇ ਦੇ ਬਾਜ਼ਾਰ ਵਿਚ ਵੱਡਾ ਬਦਲਾਅ ਲਿਆ ਸਕਦੀ ਹੈ। ਇਹ ਦੁਨੀਆ ਵਿੱਚ ਹੁਣ ਤੱਕ ਖੋਜਿਆ ਗਿਆ ਸੋਨੇ ਦਾ ਸਭ ਤੋਂ ਵੱਡਾ ਭੰਡਾਰ ਹੈ।

‘ਦਿ ਸਨ’ ਦੀ ਰਿਪੋਰਟ ਮੁਤਾਬਕ ਚੀਨ ਦੇ ਵਾਂਗਹੂ ਗੋਲਡ ਫੀਲਡ ‘ਚ ਸੋਨੇ ਦੀ ਇਸ ਅਦਭੁਤ ਖੋਜ ਤੋਂ 500 ਮਿਲੀਅਨ ਜਾਂ 50 ਕਰੋੜ ਸੋਨੇ ਦੀਆਂ ਮੁੰਦਰੀਆਂ ਬਣ ਸਕਦੀਆਂ ਹਨ। ਸੋਨੇ ਦੀ ਮੁੰਦਰੀ ਦਾ ਔਸਤ ਭਾਰ ਆਮ ਤੌਰ ‘ਤੇ ਦੋ ਗ੍ਰਾਮ ਹੁੰਦਾ ਹੈ। ਇੱਕ ਟਨ ਵਿੱਚ ਇੱਕ ਮਿਲੀਅਨ ਗ੍ਰਾਮ ਹੁੰਦੇ ਹਨ। ਇਸ ਮਾਮਲੇ ਵਿੱਚ 1,000 ਟਨ ਸੋਨੇ ਦਾ ਭਾਰ ਇੱਕ ਅਰਬ ਗ੍ਰਾਮ ਹੋਵੇਗਾ। ਅਜਿਹੇ ‘ਚ ਇਹ ਸੋਨਾ 50 ਕਰੋੜ ਮੁੰਦਰੀਆਂ ਬਣਾਉਣ ਲਈ ਕਾਫੀ ਹੈ। ਅਜਿਹੇ ‘ਚ ਇਸ ਰਿਜ਼ਰਵ ਨਾਲ ਚੀਨ ਆਪਣੀ ਆਬਾਦੀ ਦੀਆਂ ਜ਼ਿਆਦਾਤਰ ਔਰਤਾਂ ਨੂੰ ਸੋਨੇ ਦੀਆਂ ਮੁੰਦਰੀਆਂ ਦੇ ਸਕਦਾ ਹੈ। ਚੀਨ ਦੀ ਕੁੱਲ ਔਰਤਾਂ ਦੀ ਆਬਾਦੀ ਲਗਭਗ 68 ਕਰੋੜ ਹੈ।

ਰਿਪੋਰਟ ਮੁਤਾਬਕ ਇਹ ਖੋਜ ਪਿੰਗਜ਼ਿਆਂਗ ਕਾਉਂਟੀ ਦੇ ਖੇਤਾਂ ਦੇ ਹੇਠਾਂ ਹੋਈ ਹੈ। ਇੱਥੇ 40 ਤੋਂ ਵੱਧ ਸੋਨੇ ਦੀਆਂ ਵੇਨ ਮਿਲੀਆਂ ਹਨ। ਜ਼ਮੀਨ ਹੇਠਾਂ ਸੋਨੇ ਦੀਆਂ ਇਹ ਵੇਨ ਮਤਲਬ ਸੋਨੇ ਦੇ ਭੰਡਾਰ ਹਜ਼ਾਰਾਂ ਸਾਲਾਂ ਵਿੱਚ ਭੂ-ਵਿਗਿਆਨਕ ਪ੍ਰਕਿਰਿਆਵਾਂ ਦੁਆਰਾ ਬਣਦੇ ਹਨ। ਮਾਹਿਰਾਂ ਨੇ ਪਹਿਲਾਂ 2,000 ਮੀਟਰ ਦੀ ਡੂੰਘਾਈ ‘ਤੇ ਖੁਦਾਈ ਕੀਤੀ ਅਤੇ 300 ਟਨ ਸੋਨਾ ਮਿਲਿਆ। ਇਸ ਤੋਂ ਬਾਅਦ ਜਦੋਂ ਵਿਗਿਆਨੀਆਂ ਨੇ 3ਡੀ ਮਾਡਲਿੰਗ ਦੀ ਵਰਤੋਂ ਕੀਤੀ ਤਾਂ ਪਤਾ ਲੱਗਾ ਕਿ ਸੋਨੇ ਦੀਆਂ ਵੇਨ 3,000 ਮੀਟਰ ਦੀ ਡੂੰਘਾਈ ਤੱਕ ਜਾ ਸਕਦੀਆਂ ਹਨ। ਅਜਿਹੇ ‘ਚ ਸੋਨਾ 300 ਨਹੀਂ ਸਗੋਂ 1000 ਟਨ ਹੈ।

ਇਹ ਜਾਣਕਾਰੀ ਦਿੰਦਿਆਂ ਭੂ-ਵਿਗਿਆਨੀ ਚੇਨ ਰੁਲਿਨ ਨੇ ਦੱਸਿਆ ਕਿ ਡ੍ਰਿਲਡ ਰਾਕ ਕੋਰ ਵਿੱਚ ਸੋਨਾ ਦਿਖਾਈ ਦੇ ਰਿਹਾ ਸੀ। ਰੁਲਿਨ ਨੂੰ ਉਮੀਦ ਹੈ ਕਿ ਸਾਈਟ ਦੇ ਬਾਹਰੀ ਹਿੱਸੇ ਵਿੱਚ ਹੋਰ ਸੋਨਾ ਪਾਇਆ ਜਾ ਸਕਦਾ ਹੈ।

ਹੁਨਾਨ ਪ੍ਰਾਂਤ ਦੇ ਭੂ-ਵਿਗਿਆਨਕ ਬਿਊਰੋ ਨੇ ਰਿਪੋਰਟ ਦਿੱਤੀ ਹੈ ਕਿ ਇਹ ਭੰਡਾਰ ਨਾ ਸਿਰਫ਼ ਸੋਨੇ ਦੀ ਮਾਤਰਾ ਦੇ ਲਿਹਾਜ਼ ਨਾਲ ਸਗੋਂ ਇਸਦੀ ਗੁਣਵੱਤਾ ਦੇ ਲਿਹਾਜ਼ ਨਾਲ ਵੀ ਅਮੀਰ ਹੈ। ਇਸ ਸੋਨੇ ਦੇ ਭੰਡਾਰ ਤੋਂ ਲਏ ਗਏ ਨਮੂਨਿਆਂ ਦੇ ਟੈਸਟਾਂ ਨੇ ਦਿਖਾਇਆ ਹੈ ਕਿ ਸਾਈਟ ‘ਤੇ ਹਰ ਟਨ ਧਾਤੂ ਵਿੱਚ ਲਗਭਗ 138 ਗ੍ਰਾਮ ਸ਼ੁੱਧ ਸੋਨਾ ਹੁੰਦਾ ਹੈ। ਇਹ ਉੱਚ ਗੁਣਵੱਤਾ ਵਾਲੇ ਸੋਨੇ ਲਈ ਅੱਠ ਗ੍ਰਾਮ ਪ੍ਰਤੀ ਟਨ ਦੇ ਘੱਟੋ-ਘੱਟ ਮੁੱਲ ਤੋਂ ਬਹੁਤ ਜ਼ਿਆਦਾ ਹੈ। ਇਸ ਤੋਂ ਪਹਿਲਾਂ ਚੀਨ ਦੀ ਸਭ ਤੋਂ ਵੱਡੀ ਸੋਨੇ ਦੀ ਸਾਈਟ ਪੂਰਬੀ ਸ਼ਾਨਡੋਂਗ ਸੂਬੇ ਵਿੱਚ ਜਿਲਿੰਗ ਖਾਨ ਸੀ। ਇਸ ਸਾਈਟ ਵਿੱਚ 600 ਮਿਲੀਅਨ ਟਨ ਸੋਨਾ ਹੈ। ਇਸ ਸਮੇਂ ਦੁਨੀਆ ਦੀ ਸਭ ਤੋਂ ਵੱਡੀ ਸੋਨੇ ਦੀ ਖਾਣ ਦੱਖਣੀ ਅਫਰੀਕਾ ਦੀ ਦੱਖਣੀ ਡੀਪ ਮਾਈਨ ਹੈ, ਜਿਸ ਵਿੱਚ 929 ਟਨ ਸੋਨਾ ਹੈ।

# ਰੰਜਨਾ



ਪੰਜਾਬ ਵਿੱਚ ਗਾਉਣ ਵਾਲੀਆਂ ਦੀ ਗਿਣਤੀ ਗਾਉਣ ਵਾਲਿਆਂ ਨਾਲੋਂ ਕਈ ਗੁਣਾ ਘੱਟ ਹੈ। ਇਸ ਦਾ ਵੱਡਾ ਕਾਰਨ ਇਹੀ ਹੈ ਕਿ ਇਸ ਖੇਤਰ ਨੂੰ 'ਚੰਗਿਆਂ' ਵਾਲਾ ਨਹੀਂ ਸਮਝਿਆ ਜਾਂਦਾ। ਹਾਲਾਤ ਬੇਸ਼ੱਕ ਬਦਲ ਗਏ ਹਨ, ਪਰ ਕੁੜੀਆਂ ਦਾ ਹਾਲੇ ਵੀ ਇਸ ਪਾਸੇ ਆਉਣਾ ਚੰਗਾ ਨਹੀਂ ਮੰਨਿਆ ਜਾਂਦਾ ਕਿਉਂਕਿ ਸਭ ਜਾਣਦੇ ਨੇ ਕਿ ਇਸ ਖੇਤਰ ਵਿੱਚ ਕੀ ਹੁੰਦਾ-ਵਾਪਰਦਾ ਹੈ। ਪਹਿਲਾਂ ਵੀ ਚੰਦ ਕੁ ਨਾਂ ਅਜਿਹੇ ਸਨ, ਜਿਨ੍ਹਾਂ ਦੀਆਂ ਉਦਾਹਰਣਾਂ ਦੇ ਕੇ ਗਾਇਕਾਵਾਂ ਨੂੰ ਸਿਜਦਾ ਕੀਤਾ ਜਾਂਦਾ ਸੀ ਤੇ ਅੱਜ ਵੀ ਉਂਗਲਾਂ ਦੇ ਪੋਟਿਆਂ 'ਤੇ ਗਿਣਨਯੋਗ ਨਾਂ ਹਨ, ਜਿਨ੍ਹਾਂ ਦੀ ਗਾਇਕੀ ਨੂੰ ਚੇਤੇ ਕੀਤਾ ਜਾਂਦਾ ਹੈ। ਇਸ ਖੇਤਰ ਵਿੱਚ ਪਤਾ ਨਹੀਂ ਕਿੰਨੀਆਂ ਕੁ ਕੁੜੀਆਂ ਦੇ ਅਰਮਾਨ ਟੁੱਟੇ, ਉਨ੍ਹਾਂ ਨੂੰ ਸਬਜ਼ਬਾਗ ਦਿਖਾਏ ਗਏ ਅਤੇ ਉਨ੍ਹਾਂ ਦੀਆਂ ਸਧਰਾਂ ਦੇ ਗਲ਼ ਘੁੱਟੇ ਗਏ।

ਰੰਜਨਾ ਪੰਜਾਬੀ ਗਾਇਕੀ ਦਾ ਉਹ ਆਦਰਯੋਗ ਨਾਂ ਹੈ, ਜਿਸ ਦੇ ਸੁਰੀਲੇ ਕੰਠ 'ਤੇ ਰਸ਼ਕ ਕਰਨ ਵਾਲਿਆਂ ਦੀ ਗਿਣਤੀ ਕਰਨੀ ਵੱਸੋਂ ਬਾਹਰੀ ਗੱਲ ਹੈ। ਸੁਰਿੰਦਰ ਕੌਰ, ਜਗਮੋਹਣ ਕੌਰ, ਨਰਿੰਦਰ ਬੀਬਾ, ਪ੍ਰਕਾਸ਼ ਕੌਰ ਤੇ ਕੁੱਝ ਕੁ ਹੋਰ ਨਾਂਵਾਂ ਵਾਂਗ ਰੰਜਨਾ ਦੇ ਨਾਂ ਦੀ ਉਦਾਹਰਣ ਦੇ ਕੇ ਗਾਇਕੀ ਖੇਤਰ ਵਿੱਚ ਔਰਤਾਂ ਦੀ ਸ਼ਮੂਲੀਅਤ ਨੂੰ ਵਡਿਆਇਆ ਜਾ ਸਕਦਾ ਹੈ। ਇਹ ਵਡਿੱਤਣ ਦਿਲ ਦੇ ਖਾਨਿਆਂ ਵਿੱਚੋਂ ਨਿਕਲਦੀ ਹੈ ਅਤੇ ਇਸ ਉੱਤੇ ਝੂਠ ਦਾ ਨਕਾਬ ਨਹੀਂ।

ਵੱਡੀ ਗੱਲ ਇਹ ਹੈ ਕਿ ਰੰਜਨਾ ਸਿਰਫ਼ ਰੇਡੀਓ ਅਤੇ ਦੂਰਦਰਸ਼ਨ ਜਲੰਧਰ 'ਤੇ ਗਾ ਕੇ ਨਾਮਣੇ ਵਾਲੀਆਂ ਗਾਇਕਾਵਾਂ ਦੀ ਸੂਚੀ ਵਿੱਚ ਸ਼ਾਮਿਲ ਹੋਈ ਅਤੇ ਉਸ ਨੇ ਕੈਸਿਟ ਕਲਚਰ ਵੱਲ ਬਹੁਤਾ ਧਿਆਨ ਨਾ ਦਿੱਤਾ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਪੰਜਾਬੀ ਮੂਲ ਦੀ ਨਾ ਹੋ ਕੇ ਵੀ ਉਸ ਨੇ ਪੰਜਾਬੀ ਗਾਇਕੀ ਦੀ ਝੋਲੀ ਵਿੱਚ ਅਨੇਕਾਂ ਚੇਤੇ ਰੱਖਣਯੋਗ ਗੀਤ ਪਾਏ।

ਕੁਦਰਤ ਦੇ ਕ੍ਰਿਸ਼ਮੇ ਵੀ ਅਜੀਬ ਨੇ। 'ਦਾਣਾ ਪਾਣੀ ਖਿੱਚ ਲਿਆਉਂਦਾ ਕੌਣ ਕਿਸੇ ਦਾ ਖਾਂਦਾ' ਬੋਲ ਰੰਜਨਾ 'ਤੇ ਇਨ-ਬਿਨ ਫਿੱਟ ਬੈਠਦੇ ਨੇ। ਜੇ ਰੰਜਨਾ ਦੇ ਆਰਮੀ ਵਿੱਚ ਕੰਮ ਕਰਦੇ ਪਿਤਾ ਦੀ ਬਦਲੀ ਕੇਰਲਾ ਤੋਂ ਪੰਜਾਬ ਦੀ ਨਾ ਹੁੰਦੀ ਤਾਂ ਨਾ ਇਸ ਗਾਇਕਾ ਨੇ ਪੰਜਾਬੀ ਵਿੱਚ ਗਾਉਣਾ ਸੀ ਤੇ ਨਾ ਇਸ ਦੇ ਮਿਸ਼ਰੀ ਵਰਗੇ ਬੋਲ ਸਾਡੇ ਕੰਨਾਂ ਵਿੱਚ ਪੈਣੇ ਸਨ। ਪਿਤਾ ਦੀ ਬਦਲੀ ਹੋਣ ਕਰਕੇ ਪੂਰਾ ਪਰਿਵਾਰ 1961 ਵਿੱਚ ਕੇਰਲਾ ਛੱਡ ਕੇ ਪੰਜਾਬ ਆ ਗਿਆ। ਰੰਜਨਾ ਦਾ ਜਨਮ 1957 ਵਿੱਚ ਹੋਇਆ ਅਤੇ ਉਹ ਦੱਸਦੀ ਹੈ, 'ਉਦੋਂ ਮੈਂ ਚਾਰ ਕੁ ਸਾਲ ਦੀ ਸਾਂ ਜਦੋਂ ਅਸੀਂ ਪੰਜਾਬ ਆਏ ਤੇ 1963 ਵਿੱਚ ਲੜਾਈ ਦੌਰਾਨ ਪਿਤਾ ਜੀ ਸ਼ਹੀਦੀ ਦਾ ਜਾਮ ਪੀ ਗਏ।'

ਸਿਰ 'ਤੇ ਪਿਤਾ ਦਾ ਹੱਥ ਨਾ ਹੋਣ ਕਰਕੇ ਬੇਸ਼ੱਕ ਰੰਜਨਾ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਪਰ ਉਸ ਨੇ ਹੌਸਲਾ ਨਾ ਹਾਰਿਆ। ਉਸ ਨੇ ਮੈਟ੍ਰਿਕ ਤੱਕ ਦੀ ਪੜ੍ਹਾਈ ਪ੍ਰਾਈਵੇਟ ਕੀਤੀ। ਰੰਜਨਾ ਨੇ ਗਿਆਰਾਂ ਸਾਲ ਦੀ ਉਮਰ ਵਿੱਚ ਸਭ ਤੋਂ ਪਹਿਲਾਂ ਜਲੰਧਰ ਕੈਂਟ ਵਿਚਲੀ ਰਾਮਲੀਲਾ 'ਚ ਗਾਇਆ। ਕੈਂਟ ਵਿੱਚ ਹੀ ਹਰਮੋਨੀਅਮ ਪੇਟੀ ਵਜਾਉਣ ਵਾਲਾ ਇੱਕ ਸ਼ਖ਼ਸ ਰਹਿੰਦਾ ਹੁੰਦਾ ਸੀ, ਜਿਸ ਦੀ ਰੰਜਨਾ ਦੇ ਘਰ ਆਉਣੀ ਜਾਣੀ ਸੀ। ਇੱਕ ਦਿਨ ਮਾਂ ਨੇ ਉਸ ਨੂੰ ਆਖ ਦਿੱਤਾ, 'ਇਹ ਸਾਰਾ ਦਿਨ ਗੁਣਗੁਣਾਉਂਦੀ ਰਹਿੰਦੀ ਏ, ਇਹਨੂੰ ਵੀ ਲੈ ਕੇ ਜਾਇਆ ਕਰੋ ਰਾਮ ਲੀਲਾ 'ਤੇ।' ਸੋ ਫਿਰ ਇੱਕ ਦਿਨ ਰਾਮ ਲੀਲਾ 'ਚ ਰੰਜਨਾ ਨੇ ਗਾਇਆ, 'ਮੇਰੇ ਮਹਿਬੂਬ ਤੁਝੇ ਮੇਰੀ ਮੁਹੱਬਤ ਕੀ ਕਸਮ।' ਨਿੱਕੜੀ ਵੱਲੋਂ ਗਾਏ ਇਸ ਗੀਤ 'ਤੇ ਲੋਕਾਂ ਰੱਜ ਕੇ ਤਾੜੀਆਂ ਮਾਰੀਆਂ। ਕਲਾਸੀਕਲ ਗਾਇਕ ਚਰਨ ਦਾਸ ਸਫ਼ਰੀ ਨੇ ਰੰਜਨਾ ਨੂੰ ਗ਼ਜ਼ਲ ਦੀਆਂ ਬਰੀਕੀਆਂ ਸਿਖਾਈਆਂ ਤੇ ਪ੍ਰਾਣ ਦਾਸ ਪ੍ਰੇਮੀ ਨੇ ਉਸ ਨੂੰ ਸਟੇਜ 'ਤੇ ਗਾਉਣ ਦਾ ਵੱਲ ਦੱਸਿਆ।

ਪ੍ਰਾਣ ਦਾਸ ਪ੍ਰੇਮੀ ਹੁਰਾਂ ਨੇ ਹੀ ਰੰਜਨਾ ਨੂੰ ਪੰਜਾਬੀ ਬੋਲਣੀ ਸਿਖਾਈ ਕਿਉਂਕਿ ਗੁੜ੍ਹਤੀ ਵਿੱਚ ਤਾਂ ਉਸ ਨੂੰ ਕੇਰਲਾ ਦੀ ਭਾਸ਼ਾ ਮਲਿਆਲਮ ਮਿਲੀ ਸੀ। ਇਸ ਬਾਰੇ ਰੰਜਨਾ ਆਖਦੀ ਹੈ, 'ਜੇ ਮੈਂ ਛੋਟੀ ਉਮਰੇ ਪੰਜਾਬ ਨਾ ਆਈ ਹੁੰਦੀ ਤਾਂ ਸ਼ਾਇਦ ਏਨੀ ਜਲਦੀ ਪੰਜਾਬੀ ਨਾ ਸਿੱਖ ਸਕਦੀ। ਨਿਆਣਾ ਕਿਸੇ ਵੀ ਚੀਜ਼ ਨੂੰ ਖੇਡ-ਖੇਡ ਵਿੱਚ ਜਲਦੀ ਸਿੱਖ ਜਾਂਦਾ ਹੈ, ਇਸ ਲਈ ਮੈਂ ਛੇਤੀ ਹੀ ਪੰਜਾਬੀ ਬੋਲਣ ਤੇ ਸਮਝਣ ਲੱਗ ਪਈ।'

ਪ੍ਰਾਣ ਨਾਥ ਪ੍ਰੇਮੀ ਦਾ ਡਰਾਮਾ ਗਰੁੱਪ, ਜਿਹੜਾ ਭਾਰਤ ਸਰਕਾਰ ਵੱਲੋਂ ਰਜਿਸਟਰਡ ਸੀ ਅਤੇ ਥਾਂ-ਥਾਂ ਨਾਟਕ ਪੇਸ਼ ਕਰਦਾ ਸੀ, ਵਿੱਚ ਰੰਜਨਾ ਨੇ ਗਾਉਣਾ ਸ਼ੁਰੂ ਕੀਤਾ। ਇਸ ਨਾਲ ਇੱਕ ਤਾਂ ਉਸ ਦਾ ਝਾਕਾ ਖੁੱਲ੍ਹਦਾ ਗਿਆ ਤੇ ਦੂਜਾ ਉਸ ਦੀ ਆਰਥਿਕ ਮੱਦਦ ਹੋਣ ਲੱਗੀ। ਇੱਕ ਵਾਰ ਜਗਤ ਸਿੰਘ ਜੱਗਾ ਤੇ ਨਰਿੰਦਰ ਬੀਬਾ ਆਰਮੀ ਵਾਲਿਆਂ ਲਈ ਪ੍ਰੋਗਰਾਮ ਪੇਸ਼ ਕਰਨ ਆਏ। ਉਥੇ ਰੰਜਨਾ ਨੂੰ ਵੀ ਗਾਉਣ ਦਾ ਮੌਕਾ ਮਿਲ ਗਿਆ। ਚੌਦਾਂ-ਪੰਦਰਾਂ ਸਾਲ ਦੀ ਉਮਰ ਸੀ ਤੇ ਰੰਜਨਾ ਨੇ ਦੱਬੀ ਘੁੱਟੀ ਅਵਾਜ਼ ਵਿੱਚ ਡਰਦਿਆਂ-ਡਰਦਿਆਂ ਗਾਇਆ। ਅੱਜ ਉਹ ਇਸ ਗੱਲ ਨੂੰ ਆਪਣਾ ਸਰਮਾਇਆ ਮੰਨਦੀ ਹੈ ਕਿ ਉਸ ਨੇ ਬੀਬਾ ਤੇ ਜੱਗਾ ਦੀ ਸਟੇਜ 'ਤੇ ਵੀ ਗਾਇਆ ਹੈ।

1975 ਵਿੱਚ ਪਹਿਲੀ ਵਾਰ ਰੰਜਨਾ ਨੂੰ ਜਗਜੀਤ ਜ਼ੀਰਵੀ ਨਾਲ ਈ.ਪੀ. ਰਿਕਾਰਡ ਵਿੱਚ ਗਾਉਣ ਦਾ ਮੌਕਾ ਮਿਲਿਆ। 'ਐਚ.ਐਮ.ਵੀ' ਵਿੱਚ ਆਏ ਉਸ ਰਿਕਾਰਡ ਵਿੱਚ ਜ਼ੀਰਵੀ ਤੇ ਰੰਜਨਾ ਦਾ ਗੀਤ ਸੀ, 'ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ ਗਾਉਣ ਵਾਲੇ ਦਾ ਮੂੰਹ, ਹਾਣੀਆਂ ਟਾਹਲੀ 'ਤੇ ਘੁੱਗੀ ਕਰੇ ਘੂੰ-ਘੂੰ।' ਇਸੇ ਰਿਕਾਰਡ ਵਿੱਚ ਉਸ ਦਾ ਇੱਕ ਗੀਤ ਸੀ, 'ਘੱਗਰੇ ਦੀ ਲੌਣ ਭਿੱਜਗੀ, ਹਾਲੇ ਕੱਲ੍ਹ ਸੀ ਮੈਂ ਛੀਂਬੇ ਤੋਂ ਲਵਾਈ'। ਰੰਜਨਾ ਆਖਦੀ ਹੈ, 'ਮੈਨੂੰ ਉਦੋਂ ਛੀਂਬੇ ਬਾਰੇ ਪਤਾ ਨਹੀਂ ਸੀ ਕਿ ਇਹ ਕੀ ਹੁੰਦਾ ਹੈ, ਡਰਦੇ ਮਾਰਿਆਂ ਮੈਂ ਕਿਸੇ ਨੂੰ ਇਸ ਬਾਰੇ ਪੁੱਛਿਆ ਵੀ ਨਾ, ਸੋ ਕਾਫੀ ਦੇਰ ਬਾਅਦ ਮੈਨੂੰ ਇਸ ਦੇ ਅਰਥਾਂ ਬਾਰੇ ਪਤਾ ਲੱਗਾ।' ਰੰਜਨਾ ਦੀ ਮੁੱਖ ਪਛਾਣ ਫ਼ਿਲਮਾਂ, ਰੇਡੀਓ ਅਤੇ ਟੀ.ਵੀ. 'ਤੇ ਗਾਉਣ ਕਰਕੇ ਹੈ। ਉਹ ਦੱਸਦੀ ਹੈ, 'ਮੈਂ ਚਾਲੀ ਦੇ ਕਰੀਬ ਪੰਜਾਬੀ ਫ਼ਿਲਮਾਂ ਵਿੱਚ ਗਾ ਚੁੱਕੀ ਹਾਂ, ਕਈਆਂ 'ਚ ਗਾਉਣ ਕਰਕੇ ਮੈਨੂੰ ਮਿਹਨਤਾਨਾ ਮਿਲ ਗਿਆ, ਕਈਆਂ ਨੇ ਲਾਰਿਆਂ ਨਾਲ ਬੁੱਤਾ ਸਾਰ ਦਿੱਤਾ ਅਤੇ ਕਈ ਪੈਸੇ ਦੇਣ ਵੇਲੇ ਬੇਵਫ਼ਾ ਸੱਜਣਾਂ ਵਾਂਗ ਮੂੰਹ ਫੇਰ ਗਏ।' 'ਜ਼ੋਰਾਵਰ', 'ਜੱਗਾ ਡਾਕੂ', 'ਸੁੱਖਾ' ਅਤੇ 'ਦੂਰ ਨਹੀਂ ਨਨਕਾਣਾ' ਫ਼ਿਲਮਾਂ ਦੇ ਨਾਂ ਉਸ ਨੂੰ ਚੇਤੇ ਹਨ ਅਤੇ ਬਾਕੀਆਂ ਦੇ ਨਾਂ ਯਾਦ ਸ਼ਕਤੀ ਦੀ ਸਲੇਟ ਤੋਂ ਮਿਟ ਗਏ ਨੇ।

ਇਹ ਸੱਚ ਹੈ ਕਿ ਰੰਜਨਾ ਦੇ ਦਰਜਨਾਂ ਗੀਤਾਂ ਨੇ ਪ੍ਰਸਿੱਧੀ ਦੀ ਸਿਖਰ ਨੂੰ ਛੋਹਿਆ ਅਤੇ ਲੰਮਾ ਵਕਫ਼ਾ ਪੈਣ ਦੇ ਬਾਵਜੂਦ ਉਸ ਦੇ ਕਈ ਗੀਤ ਅੱਜ ਵੀ ਤਰੋ-ਤਾਜ਼ਾ ਲੱਗਦੇ ਹਨ। ਉਸ ਦਾ ਸੁਰੀਲਾ ਕੰਠ ਉਸ 'ਤੇ ਕਲਾ ਦੀ ਦੇਵੀ ਦੀ ਮਿਹਰਬਾਨੀ ਦਾ ਸਬੂਤ ਦਿੰਦਾ ਹੈ। ਪ੍ਰੀਤ ਮਹਿੰਦਰ ਤਿਵਾੜੀ ਦਾ ਲਿਖਿਆ ਗੀਤ ਜਦੋਂ ਉਸ ਦੀ ਅਵਾਜ਼ ਵਿੱਚ ਜਲੰਧਰ ਦੂਰਦਰਸ਼ਨ 'ਤੇ ਆਇਆ ਸੀ ਤਾਂ ਉਸ ਦੀ ਧੰਨ-ਧੰਨ ਹੋ ਗਈ ਸੀ। ਬੋਲ ਸਨ :

ਨੀਂ ਹੀਰੀਏ, ਨੀਂ ਗੋਰੀਏ,
ਤੇਰੀ ਪ੍ਰੀਤ ਦਾ ਮਾਰਿਆ,
ਨੀਂ ਰਾਂਝਾ ਜੋਗੀ ਹੋਇਆ।

ਉਸ ਦੇ ਗੀਤ 'ਸੋਹਣਾ ਸਾਵਲ ਬਲੋਚ ਡਾਚੀ ਵਾਲਾ ਰੁਮਾਲ ਦੀ ਨਿਸ਼ਾਨੀ ਦੇ ਗਿਆ', 'ਦੁਹਾਈ ਨੀਂ ਦੁਹਾਈ', 'ਉੱਡੂੰ-ਉੱਡੂੰ ਕਰੇ ਮੇਰਾ ਜੀਅ ਨੀਂ ਸਹੇਲੀਓ', 'ਮੈਨੂੰ ਸੁਰਮੇ ਦੀ ਡੱਬੀ ਵਿੱਚ ਰੱਖ ਮੁੰਡਿਆ', 'ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ', 'ਘੱਗਰੇ ਦੀ ਲੌਣ ਭਿੱਜਗੀ' ਅਤੇ 'ਦੇ ਦੇ ਦਿਲ ਵਿੱਚ ਥਾਂ ਮਾਹੀਆ' ਅੱਜ ਵੀ ਸੁਣਨ 'ਤੇ ਕੰਨ ਸਵਾਦ ਗੜੂੰਦ ਹੋ ਜਾਂਦੇ ਹਨ।

ਰੰਜਨਾ ਰੇਡੀਓ-ਟੀ.ਵੀ. ਦਾ ਧੰਨਵਾਦ ਕਰਦੀ ਹੈ, ਜਿਨ੍ਹਾਂ ਨੇ ਉਸ ਨੂੰ ਲੋਕਾਂ ਦੀ ਕਲਾਕਾਰ ਬਣਾਇਆ। ਉਹ ਦੱਸਦੀ ਹੈ, 'ਕੈਸਿਟ ਕਲਚਰ ਵੱਲ ਧਿਆਨ ਦੇਣ ਦਾ ਮੈਨੂੰ ਮੌਕਾ ਨਹੀਂ ਮਿਲਿਆ, ਵੈਸੇ ਵੀ ਮੇਰੀ ਸੋਚ ਸੀ ਕਿ ਸਿਰਫ਼ ਪੈਸੇ ਲਈ ਨਾ ਗਾਇਆ ਜਾਵੇ, ਸਗੋਂ ਜੋ ਮਨ ਨੂੰ ਚੰਗਾ ਲੱਗੇ ਉਹੀ ਗਾਵਾਂ। ਅੱਜ ਤੱਕ ਉਸ ਦੀ ਇੱਕੋ ਕੈਸਿਟ ਆਈ ਹੈ 'ਜੀਅ ਨਹੀਓਂ ਲੱਗਣਾ'। ਉਸ ਦੇ ਗੀਤ ਹਰਜਿੰਦਰ ਬੱਲ ਹੁਰਾਂ ਲਿਖੇ ਸਨ ਅਤੇ ਸੰਗੀਤ ਕੁਲਜੀਤ ਦਾ ਸੀ। ਇਹ ਕੈਸਿਟ ਚੰਗੀ ਸੀ, ਪਰ ਐਡ ਪੱਖੋਂ ਰਹਿ ਗਈ।

ਹੰਸ ਰਾਜ ਹੰਸ, ਸਰਦੂਲ ਸਿਕੰਦਰ, ਜਸਬੀਰ ਜੱਸੀ, ਨਿਰਮਲ ਸਿੱਧੂ, ਬਰਕਤ ਸਿੱਧੂ, ਸ਼ੀਰਾ ਜਸਵੀਰ ਅਤੇ ਹੋਰ ਕਈ ਸੀਨੀਅਰਾਂ ਕਲਾਕਾਰਾਂ ਨਾਲ ਰੰਜਨਾ ਦੋਗਾਣੇ ਗਾ ਚੁੱਕੀ ਹੈ। ਆਪਣੀ ਗਾਇਕੀ ਦੀ ਬਦੌਲਤ ਉਹ ਅਮਰੀਕਾ, ਕਨੇਡਾ ਅਤੇ ਇੰਗਲੈਂਡ ਵਰਗੇ ਮੁਲਕਾਂ ਦੀ ਫੇਰੀ ਪਾ ਚੁੱਕੀ ਹੈ।

1987 ਵਿੱਚ ਰੰਜਨਾ ਦਾ ਮੇਵੀ ਭੱਟੀ ਨਾਲ ਵਿਆਹ ਹੋ ਗਿਆ। ਉਸ ਦੀ ਇੱਕੋ-ਇੱਕ ਬੇਟੀ ਵਿਦੇਸ਼ ਵਿੱਚ ਰਹਿੰਦੀ ਹੈ। ਰੰਜਨਾ ਦਾ ਪਤੀ ਮੇਵੀ ਭੱਟੀ ਸੰਗੀਤ ਨਾਲ ਲਗਾਅ ਰੱਖਦਾ ਹੈ ਅਤੇ ਹੰਸ ਰਾਜ ਹੰਸ ਨਾਲ ਕੀ-ਬੋਰਡ ਵਜਾਉਂਦਾ ਹੈ। ਰੰਜਨਾ ਹੁਣ ਪਰਿਵਾਰ ਸਮੇਤ ਜਲੰਧਰ ਦੇ ਅਵਤਾਰ ਨਗਰ ਵਿੱਚ ਰਹਿੰਦੀ ਹੈ।

ਰੰਜਨਾ ਅੱਜ ਦੀ ਗਾਇਕੀ ਨੂੰ ਵਕਤੀ ਮੰਨਦੀ ਹੈ। ਉਸ ਦਾ ਕਹਿਣਾ ਹੈ, 'ਪੁਰਾਣੇ ਗਾਇਕ ਰੂਹਦਾਰੀ ਲਈ ਗਾਉਂਦੇ ਸਨ, ਉਸਤਾਦਾਂ ਤੋਂ ਸਿੱਖ ਕੇ ਇਸ ਲਾਈਨ ਵਿੱਚ ਆਉਂਦੇ ਸਨ, ਪਰ ਹੁਣ ਤਾਂ ਇਸ ਖੇਤਰ ਦਾ ਕਬਾੜਾ ਹੋ ਚੁੱਕਾ ਹੈ, ਕਿਸੇ ਨੂੰ ਗਾਉਣ ਦਾ ਚੱਜ ਨਹੀਂ ਅਤੇ ਨਾ ਹੀ ਕਿਸੇ ਅੰਦਰ ਸੇਵਾ ਭਾਵਨਾ ਦੀ ਇੱਛਾ ਰਹੀ ਹੈ।' ਰੰਜਨਾ ਆਉਣ ਵਾਲੇ ਸਮੇਂ ਵਿੱਚ ਉਰਦੂ ਗ਼ਜ਼ਲਾਂ ਦੀ ਕੈਸਿਟ ਕਰਨ ਦੇ ਨਾਲ-ਨਾਲ ਕਾਫੀਆਂ ਦੀ ਕੈਸਿਟ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਤੋਂ ਇਲਾਵਾ ਉਹ ਧਾਰਮਿਕ ਕੈਸਿਟ ਕਰਨ ਦੀਆਂ ਸਕੀਮਾਂ ਘੜ ਰਹੀ ਹੈ। ਰੰਜਨਾ ਨੂੰ ਉਮੀਦ ਹੈ ਕਿ ਇੱਕ ਦਿਨ ਕਲਾ ਦਾ ਮੁੱਲ ਜ਼ਰੂਰ ਪੈਣ ਲੱਗੇਗਾ ਅਤੇ ਪੈਸਾਪਤੀ ਗਾਇਕ ਭਮੱਕੜਾਂ ਵਾਂਗ ਲੁਕ-ਛੁਪ ਜਾਣਗੇ।

– ਸਵਰਨ ਸਿੰਘ ਟਹਿਣਾ

## ਵਿਸ਼ੇ ਬਾਰੇ ਜਾਣਕਾਰੀ

ਉਪਰੋਕਤ ਵਿਸ਼ੇ ਨਾਲ ਸਬੰਧਿਤ ਭਾਵੇਂ ਅਸੀਂ ਆਪਣੇ ਜੀਵਨ ਵਿੱਚ ਅਨੇਕਾਂ ਉਦਾਹਰਣਾਂ ਦੇਖੀਆਂ ਹਨ, ਪਰ ਜਿਹੜੀ ਦਾ ਚਰਚਾ ਮੈਂ ਇਥੇ ਕਰਨ ਜਾ



ਰਹੀ ਹਾਂ, ਉਸ ਬਾਰੇ ਕਦੇ ਸੋਚਿਆ ਵੀ ਨਹੀਂ ਗਿਆ ਹੋਣਾ।ਔਰਤ ਦੀ ਸਰੀਰਕ ਬਣਤਰ ਪ੍ਰਭੂ ਪ੍ਰਮਾਤਮਾ ਵੱਲੋਂ ਹੀ ਮਰਦ ਦੇ ਮੁਕਾਬਲੇ ਘੱਟ ਤਾਕਤਵਰ ਬਣਾਈ ਗਈ ਹੈ । ਬਾਬੇ ਆਦਮ ਦੇ ਜ਼ਮਾਨੇ ਤੋਂ ਹੀ ਮਰਦ , ਇਸਤਰੀ ਦੀ ਇਸ ਕੁਦਰਤੀ ਬਣਤਰ ਦਾ ਨਾਜਾਇਜ਼ ਫਾਇਦਾ ਉਠਾਉਂਦਾ ਆਇਆ ਹੈ। ਜੋ ਕਿ ਸਰਾਸਰ ਤਸ਼ੱਦਦ ਸੀ । ਇਸ ਚਲਨ ਨੂੰ ਸਹੀ ਹੋਣਾ ਚਾਹੀਦਾ ਸੀ,ਭਾਵ ਤੀਵੀਂ ਤੇ ਮਰਦ ਇੱਕ ਦੂਜੇ ਦੇ ਪੂਰਕ ਬਣਕੇ ਰਹਿਣੇ ਚਾਹੀਦੇ ਸਨ , ਕਿਉਂਕਿ ਇਨਾਂ ਇੱਕ ਪਰਿਵਾਰ ਸਿਰਜਣਾ ਸੀ, ਇੱਕ ਦੂਸਰੇ ਦੀ ਹਰ ਤਰਾਂ ਦੀ ਲੋੜ ਸਨ । ਦੁਖ,ਸੁਖ,ਗਮੀ, ਖੁਸ਼ੀ, ਮਾਨਸਿਕ ਤੇ ਸਰੀਰਕ ਲੋੜਾਂ ਦੀ ਪੂਰਤੀ ਵਿੱਚ ਸ਼ਾਮਿਲ ਹੋਣਾ ਸੀ। ਕਹਿਣ ਦਾ ਭਾਵ ਹੈ ਇੱਕ ਦੂਜੇ ਬਗੈਰ ਗੁਜ਼ਾਰਾ ਨਹੀਂ ਹੈ। ਖੁਲਾਸਾ ਕਰਨ ਜਾ ਰਹੀ ਹਾਂ ਕਿ ਪਹਿਲਾਂ ਮਰਦ ਪ੍ਰਧਾਨ ਤੇ ਇਸਤਰੀ ਵਿਚਾਰਗੀ ਦਾ ਜੀਵਨ ਬਿਤਾ ਰਹੀ ਸੀ ,ਜਦੋਂ ਕਿ ਹੁਣ ਪੁਰਸ਼ ਦੇ ਨਾਲ ਨਾਲ ਉਸਦਾ ਪਰਿਵਾਰ ਤੇ ਬੱਚੇ ਵੀ ਨਰਕ ਭੋਗਣ ਲਈ ਮਜਬੂਰ ਹਨ ਤੇ ਇਸਦਾ ਕਾਰਣ ਅੱਜ ਦੀਆਂ ਉਹ ਵਿਗੜੀਆਂ ਔਰਤਾਂ ਤੇ ਕੁੜੀਆਂ ਹਨ , ਜਿਨਾਂ ਦੇ ਸੀਨੇ ਵਿੱਚ ਦਿਲ ਦੀ ਥਾਂ ਕੂੜੇ ਦਾ ਬਿੰਨ ਤੇ ਦਿਮਾਗ਼ ਵਿੱਚ ਨੋਟਾਂ ਤੇ ਜਾਇਦਾਦ ਦਾ ਗੋਹਾ ਭਰਿਆ ਹੈ। ਜਿਸਦਾ ਅਸਲ ਕਾਰਣ ਮਾਂ ਬਾਪ ਦੀ ਲਾਲਚੀ ਸੋਚ ਤੇ ਕਾਨੂੰਨ ਵੱਲੋ ਬਿਨਾਂ ਸਾਰੇ ਪੱਖ ਪਰਖਿਆਂ, ਔਰਤਾਂ ਦੇ ਪੱਖ ਵਿੱਚ ਅੰਨ੍ਹੇ ਕਾਨੂੰਨਾਂ ਦਾ ਪਾਸ ਕਰਨਾ ਹੈ। ਇਥੇ ਇਹ ਦੱਸਣਯੋਗ ਹੈ ਕਿ ਕੁਝ ਖਾਨਦਾਨੀ ਤੇ ਅਕਲਮੰਦ ਲੜਕੀਆਂ ਆਪਣੇ ਨਾਲ ਸਹੁਰਿਆਂ ਵੱਲੋਂ ਨਾਜਾਇਜ਼ ਨਾ ਹੋਣ ਦੇਣ ਤੇ ਆਪ ਵੀ ਨਾਜਾਇਜ਼ ਨਾ ਕਰਨ ਕਰਕੇ,ਪੂਰੀ ਸ਼ਾਨ ਤੇ ਇਜ਼ਤ ਨਾਲ ਘਰ ਚਲਾ ਰਹੀਆਂ ਹਨ । ਸਜ਼ਦਾ ਹੈ ਅਜਿਹੀਆਂ ਸੁਚੱਜੀਆਂ ਨੂੰ।

## ਵਕਤ ਦਾ ਉਲਟਾ ਚੱਕਰ

ਅੱਜ ਜ਼ਿਆਦਾਤਰ ਲੜਕੀਆਂ ਨੇ ਆਪਣੇ ਸਹੁਰਿਆਂ ਤੇ ਪਤੀ ਨੂੰ ਛਿੱਕੇ ਟੰਗ ਰੱਖਿਆ ਹੈ। ਮਾੜੀ ਮਾੜੀ ਗੱਲ ਤੇ ਪਰਿਵਾਰ ਦੇ ਮੈਂਬਰਾਂ ਪ੍ਰਤੀ,ਪਤੀ ਦੇ ਝੂਠੇ ਕੰਨ ਭਰੀ ਜਾਣੇ ,ਕਪੜਿਆਂ ਲੀੜਿਆਂ,ਕੰਮ ਧੰਦਿਆਂ,ਲੈਣ ਦੇਣ ਤੇ ਆਪਣੇ ਮਾਪਿਆਂ ਦੀ ਦਖ਼ਲਅੰਦਾਜ਼ੀ ਦੀ ਪ੍ਰੋੜਤਾ ਨੂੰ ਲੈਕੇ ਘਰ ਨੂੰ ਖੇਰੂੰ ਖੇਰੂੰ ਕਰਨਾ , ਅੱਜਕੱਲ੍ਹ ਦੀਆਂ ਇਹ ਕੁੜੀਆਂ ਆਪਣੀ ਸਿਆਣਪ ਸਮਝਦੀਆਂ ਹਨ । ਇਹ ਸਭ ਕੁਝ ਕਰਨ ਲੱਗਿਆਂ ਬੱਚਿਆਂ ਦੀ , ਬਜ਼ੁਰਗਾਂ ਦੀ ,ਤੇ ਸਾਰੇ ਪਰਿਵਾਰ ਦੀ ਜ਼ਿੰਦਗੀ ਦੀ ਬਰਬਾਦੀ ਨਾਲ ਉਨਾਂ ਨੂੰ ਕੋਈ ਮਤਲਬ ਨਹੀਂ ਹੁੰਦਾ। ਹੁੰਦਾ ਹੈ ਤਾਂ, ਆਪਣੀ ਆਜ਼ਾਦੀ, ਆਪਣੇ ਮਾਪਿਆਂ ਦਾ ਲਾਲਚ ਜੋ ਬੱਚਿਆਂ ਦੇ ਵਿਆਹਾਂ ਵਿੱਚੋਂ ਹੋਣ ਵਾਲੇ ਆਰਥਿਕ ਮੁਨਾਫ਼ੇ ,ਜੋ ਵਿਆਹ ਭੰਗ ਕਰਕੇ ਮੁੰਡੇ ਵਾਲਿਆਂ ਨੂੰ ਕਨੂੰਨੀ ਤੌਰ ਤੇ ਲੁੱਟ ਕੇ ਮਿਲਦਾ ਹੈ ,ਦਾ ਲਾਲਚ। ਲੜਕੇ ਤੇ ਉਸਦੇ ਪਰਿਵਾਰ ਨੂੰ ਜੋ ਮਾਨਸਿਕ, ਸਮਾਜਿਕ, ਪਰਿਵਾਰਿਕ ਤੇ ਆਰਥਿਕ ਸੱਟ ਲੱਗਦੀ ਹੈ,ਉਹ ਜ਼ਿੰਦਗੀ ਵਿੱਚ ਕਦੇ ਨਾ ਪੂਰਾ ਪੈਣ ਵਾਲਾ ਘਾਟਾ ਹੁੰਦਾ ਹੈ। ਇਸ ਨਾਲ ਸੰਬੰਧਿਤ ਇਥੇ ਇੱਕ ਹੋਰ ਕੌੜੀ ਸੱਚਾਈ ਦਾ ਜਿਕਰ ਜ਼ਰੂਰੀ ਸਮਝਦੀ ਹਾਂ, ਦੁੱਧ ਦਾ ਸੜਿਆ,ਲੱਸੀ ਪੀਣੀ ਵੀ ਛੱਡ ਗਿਆ ਹੈ, ਭਾਵ ਮੁੰਡੇ ਵਿਆਹ ਕਰਵਾਉਣ ਤੋਂ ਵੀ ਡਰਨ ਲੱਗ ਗਏ ਹਨ । ਪਤਾ ਨਹੀਂ ਦੁਨੀਆਂ ਦਾ ਕੀ ਬਣੇਗਾ।

## ਮਰਦ ਦਾ ਜੀਣਾ ਹਰਨਾਮ ਹੋ ਚੁੱਕਿਆ ਹੈ

ਮਰਦ ਨੂੰ ਔਰਤ ਵੱਲੋਂ ਪੈਰ ਪੈਰ ਤੇ ਝੂਠੇ , ਘਰੇਲੂ ਹਿੰਸਾ ਤੇ ਦਾਜ ਦੀ ਉਤਪੀੜਨ ਦੇ ਦੋਸ਼ ਤਹਿਤ, ਕਾਨੂੰਨ ਵਿੱਚ ਸ਼ਿਕਾਇਤ ਤੇ ਤਲਾਕ ਦੀ ਧਮਕੀ ਦਿੱਤੀ ਜਾਂਦੀ ਹੈ । ਲੜਕੀ ਵੱਲੋਂ ਨਾਲ ਹੀ ਪਤੀ ਤੇ ਉਸਦੇ ਪਰਿਵਾਰ ਨੂੰ ਅੱਗੇ ਅੱਗੇ ਲਾਈ ਰੱਖਿਆ ਜਾਂਦਾ ਹੈ। ਬੱਚੇ ਜੰਮਣ ਦਾ ਤੇ ਜੇ ਨੌਕਰੀ ਕਰਦੀ ਹੋਵੇ, ਪੂਰਾ ਅਹਿਸਾਨ ਮਾਰਿਆ ਜਾਂਦਾ ਹੈ। ਘਰਦੇ ਕੰਮ ਨੂੰ ਨਾ ਹੀ ਹੱਥ ਲਾਇਆ ਜਾਂਦਾ ਹੈ ਤੇ ਨਾ ਹੀ ਪਰਿਵਾਰ ਨੂੰ ਮਾਇਕ ਮਦਦ ਦਿੱਤੀ ਜਾਂਦੀ ਹੈ। ਦੂਸਰੇ ਪਾਸੇ ਸਹੁਰੇ ਪਰਿਵਾਰ ਨੂੰ , ਕਨੂੰਨ ਵੱਲੋਂ ਲੜਕੀ ਦਾ ਵਾਧੂ ਪੱਖ ਲੈ ਕੇ , ਲੜਕੇ ਤੇ ਉਸਦੇ ਪਰਿਵਾਰ ਉਤੇ , ਲੜਕੀ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਦਾਜ ਲਈ ਯਾਤਨਾ ਦੇਣ ਦੇ ਝੂਠੇ ਇਲਜ਼ਾਮ, ਕੋਰਟ ਕਚਿਹਰੀਆਂ ਦੇ ਚੱਕਰ , ਪੈਸੇ ਦੀ ਬਰਬਾਦੀ , ਸਮਾਜ ਵਿੱਚ ਨਮੋਸ਼ੀ, ਰਿਸ਼ਤੇਦਾਰੀਆਂ ਵਿੱਚ ਬੇਇਜ਼ਤੀ, ਤਲਾਕ , ਤਲਾਕ ਨਾਲ ਵੱਡੀ ਰਕਮ ਦੀ ਭਰਪਾਈ ਤੇ ਫਿਰ ਤਲਾਕਸ਼ੁਦਾ ਲਈ ਫਿਰ ਤੋਂ ਜੀਵਨ ਸਾਥੀ ਲੱਭਣਾ,ਰੱਬ ਦੀਆਂ ਜੜਾਂ ਨੂੰ ਹੱਥ ਲਾਉਣ ਵਾਲੀ ਗੱਲ ਹੈ।

ਸਾਡੇ ਸਮਾਜ ਵਿੱਚ ਆਮ ਤੌਰ ਤੇ ਲੱਗਭਗ ਹਰ ਚੀਜ਼ ਵਿੱਚ ਭੇਡ ਚਾਲ ਤੇ ਦੂਸਰੇ ਦੇ ਕਹਿਣ, ਦੱਸਣ ਮੁਤਾਬਿਕ ਹੀ ਚੱਲਿਆ ਜਾਂਦਾ ਹੈ, ਉਦਾਹਰਣ ਵਜੋਂ, "ਕਨੂੰਨ ਔਰਤ ਨੂੰ ਘਰੇਲੂ ਹਿੰਸਾ ਦੇ ਮਾਮਲਿਆਂ ਵਿੱਚ ਪਹਿਲ ਦਿੰਦੀ ਹੈ" । ਸਮਾਜ ਨੇ ਇਸ ਸੋਚ ਨੂੰ ਸਿਰ ਤੇ ਚੁੱਕ ਰੱਖਿਆ ਹੈ ਤੇ ਹਊਆ ਬਣਾ ਰੱਖਿਆ ਹੈ। ਜਦੋਂ ਕਿ ਅਜਿਹੇ ਹਲਾਤਾਂ ਵਿੱਚ ਲੜਕੇ ਦੇ ਵਿਆਹ ਤੋਂ ਫੌਰੀ ਬਾਅਦ, ਚਿਤੰਨ ਤੇ ਆਉਣ ਵਾਲੀ ਨੂੰਹ ਪ੍ਰਤੀ ,ਸਾਰੇ ਪਰਿਵਾਰ ਨੂੰ ਆਪਣਾ ਵਿਹਾਰ ਸੰਤੁਲਿਤ ਰੱਖਣਾ ਚਾਹੀਦਾ ਹੈ ਤਾਂ ਕਿ ਕਿਸੇ ਵਕਤ ਵੀ ,ਇਲਜਾਮ ਦੀ ਗੁੰਜਾਇਸ਼ ਨਾ ਰਹੇ। ਬਾਕੀ ਦੇ ਸਹੁਰਾ ਪਰਿਵਾਰ ਤੇ ਲੜਕਾ , ਆਪਣੇ ਵੱਲੋਂ ਕੋਈ ਕਮਜ਼ੋਰੀ ਨਾਂ ਹੀ ਰੱਖਣ ਤੇ ਨਾ ਹੀ ਡਰ ਭੈ ਦਾ ਦਿਖਾਵਾ ਕਰਨ। ਅਜਿਹੇ ਡਰ ਵਾਲੇ ਮਾਹੌਲ ਕਾਰਨ ਨੂੰਹ ਹੋਰ ਵੀ ਸਿਰ ਚੜਕੇ ਨੱਚਦੀ ਹੈ। ਇਕ ਚੀਜ਼ ਹੋਰ ਦਿਮਾਗ ਵਿੱਚ ਰੱਖਣ ਵਾਲੀ ਹੈ ਕਿ ਜੇ ਲੜਕੀ ਦੇ ਤਲਾਕ ਦੇਣ ਨਾਲ , ਲੜਕੇ ਦਾ ਘਰ ਬਰਬਾਦ ਹੁੰਦਾ ਹੈ ਤਾਂ ਲੜਕੀ ਦਾ ਜੀਵਨ ਵੀ ਨਰਕ ਨਾਲੋਂ ਘੱਟ ਨਹੀਂ ਹੁੰਦਾ। ਇਸਦੇ ਨਾਲ ਹੀ ਕਹਿਣਾ ਚਾਹਾਂਗੀ ਕਿ ਕਨੂੰਨੀ ਲੜਾਈ , ਬੇਸ਼ੱਕ ਲੰਬੀ ਤੇ ਦਰਦ ਭਰਪੂਰ ਹੁੰਦੀ ਹੈ, ਮਾਇਕ ਨੁਕਸਾਨ ਵੀ ਬਹੁਤ ਹੁੰਦਾ ਹੈ। ਇੱਕ ਵਾਰੀ ਤਾਂ ਪੂਰਾ ਘਰ ਹੀ ਉਜੜ ਜਾਂਦਾ ਹੈ ਤੇ ਇਉਂ ਜਾਪਦਾ ਹੈ , ਜਿਵੇਂ ਅਸੀਂ ਫਿਰ ਤੋਂ ਖੜੇ ਹੀ ਨਹੀਂ ਹੋ ਸਕਾਂਗੇ, ਪਰ ਵਾਹਿਗੁਰੂ ਤੇ ਰੱਖਿਆ ਭਰੋਸਾ, ਦ੍ਰਿੜ ਨਿਸ਼ਚਾ ਤੇ ਮਿਹਨਤ ਕਦੇ ਖਾਲੀ ਨਹੀਂ ਜਾਂਦੇ। ਇਨਸਾਨੀ ਅਦਾਲਤ ਵਿੱਚ ਭਾਵੇਂ ਫੈਸਲਾ ਝੂਠ ਦੇ ਪੱਖ ਵਿੱਚ ਹੀ ਆ ਜਾਵੇ ,ਪਰ ਸਮੇਂ ਦੇ ਗੇੜ ਨਾਲ ਸੁਪਰ ਸੁਪਰੀਮ ਕੋਰਟ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਜ਼ਰੂਰ ਕਰਕੇ , ਸੱਚ ਦਾ ਪੱਲਾ ਕੱਸਕੇ ਫੜੀ ਰੱਖਣ ਵਾਲੇ ਨੂੰ ਵਿਆਜ ਸਮੇਤ ਸਭ ਕੁਝ ਮੋੜਦੀ ਹੈ।


ਮੇਰੇ ਵੱਲੋਂ ਅਜਿਹੇ,ਔਰਤਾਂ ਦੇ ਉਤਪੀੜਨ ਵੱਲੋਂ ਹੋਏ ਸ਼ਿਕਾਰ , ਪਰਿਵਾਰਾਂ ਲਈ ਸਲਾਹ ਹੈ ਕਿ ਉਹ , ਘਰ ਵਿੱਚ ਹੋ ਰਹੇ ਅਜਿਹੇ ਅੱਤਿਆਚਾਰ ਨੂੰ ਸਮਾਜ ਦੀ ਨਮੋਸ਼ੀ ਦੇ ਡਰ ਤੋਂ ਛੁਪਾਉਣ ਦੀ ਬਜਾਏ, ਪੰਚਾਇਤ , ਮੁਹੱਲੇ ਜਾਂ ਇਲਾਕੇ ਦੇ ਮੁਹਤਬਰ ਜਾਂ ਕਨੂੰਨ ਦੀ ਅਗਾਉਂ ਮਦਦ ਲੈਣ । ਤਾਂ ਕਿ ਅਜਿਹੇ ਪੇਕਿਆਂ ਤੇ ਲੜਕੀ ਦੇ ਉਥੇ ਪਹੁੰਚਣ ਤੋਂ ਪਹਿਲਾਂ ਉਨਾਂ ਨੂੰ ਅਸਲੀਅਤ ਦਾ ਪਤਾ ਹੋਵੇ। ਜੇਕਰ ਉਸ ਪਾਰਟੀ ਵੱਲੋਂ ਰਿਸ਼ਵਤ ਦਿੱਤੇ ਜਾਣ ਦਾ ਖਦਸ਼ਾ ਹੋਵੇ ,ਤਾਂ ਸਮਾਰਟ ਬਣਕੇ ਪਹਿਲਾਂ ਹੀ ਅਜਿਹੀ ਚੀਜ਼ ਨੂੰ ਪਰੂਫ ਸਹਿਤ ਫੜਨ ਦੀ ਤਿਆਰੀ ਵੀ ਆਪਣੀ ਯੋਜਨਾ ਵਿੱਚ ਸ਼ਾਮਿਲ ਕੀਤਾ ਜਾਵੇ ,ਤਾਂ ਜੋ ਦੋ ਨੰਬਰ ਦੇ ਕੰਮ ਦੀ ਆਪਣੇ ਉਪਰ ਮਾਰ ਪੈਣ ਤੋਂ ਬਚਾਈ ਜਾ ਸਕੇ।

ਅਗਲੀ ਜ਼ਰੂਰੀ ਤੇ ਧਿਆਨਯੋਗ ਗੱਲ ਹੈ ਕਿ ਜੇ ਸਹੁਰਾ ਪਰਿਵਾਰ ਸਹੀ ਹੈ ਤਾਂ, ਕਨੂੰਨ ਉਸਦਾ ਕੁਝ ਨਹੀਂ ਵਿਗਾੜ ਸਕਦਾ ,ਬੱਸ ਸਿਰਫ ਡਟੇ ਤੇ ਸ਼ਾਂਤ ਰਹਿਣ ਦੀ ਲੋੜ ਹੁੰਦੀ ਹੈ। ਬੇਸ਼ੱਕ ਇਸ ਤਰਾਂ ਦੇ ਹਾਲਾਤਾਂ ਵਿੱਚ ਅਣਕਿਆਸੀ ਮੁਸ਼ਕਿਲ ਝੱਲਣੀ ਪੈਂਦੀ ਹੈ, ਪਰ ਮੁਸ਼ਕਿਲਾਂ ਵੀ ਇਨਸਾਨਾਂ ਨੂੰ ਹੀ ਪੈਂਦੀਆਂ ਹਨ , ਨਾਲੇ ਦਿਨਾਂ ਦਾ ਹੇਰ ਫੇਰ ਹੁੰਦਾ ਹੈ ,ਵਕਤ ਬਦਲਦੇ ਦੇਰ ਨਹੀਂ ਲਗਦੀ । ਇਸਦੇ ਨਾਲੇ ਹੀ ਆਪਣੀਆਂ ਜਾਇਜ਼ ਕੋਸ਼ਿਸ਼ਾਂ ਤੇ ਵਾਹਿਗੁਰੂ ਉਤੇ ਭਰੋਸਾ ਰੱਖਣ ਨਾਲ ਵਕਤ ਅਨੁਸਾਰ ਮੁਸੀਬਤਾਂ ਦੇ ਸਾਰੇ ਤੂਫ਼ਾਨ ਆਪੇ ਛਟ ਜਾਂਦੇ ਹਨ ।

ਆਖਿਰ ਵਿੱਚ ਇੱਕ ਅਜਿਹੇ ਪੱਖ ਦਾ ਜ਼ਿਕਰ ਜਰੂਰੀ ਹੈ ,ਜੋ ਬਿਲਕੁਲ ਹੀ ਬੇਕਸੂਰ ਦੀ ਪੂਰੀ ਜ਼ਿੰਦਗੀ ਨੂੰ ਸਜ਼ਾ ਦੇ ਤੌਰ ਤੇ ਹੰਢਾਉਣ ਲਈ ਮਜਬੂਰ ਕਰਦਾ ਹੈ। ਜੇਕਰ ਜੋੜੇ ਕੋਲ ਬੱਚਾ ਹੋਵੇ ਤਾਂ ਉਸ ਅਣਜਾਣ ਤੇ ਨਿਰੋਲ ਬੇਕਸੂਰ ਨੂੰ ਇਕੱਠੇ ਪਰਿਵਾਰ ਰੂਪੀ ਸੰਘਣੇ ਦਰਖਤ ਦੀ ਛਾਂ ਤੋਂ ਵਾਂਝਿਆਂ ਰਹਿ ਕੇ ਅਧੂਰੇ ਤੌਰ ਤਰੀਕੇ ਸਿੱਖ ਸਕਣ ਕਾਰਣ , ਬਹੁਤ ਸਾਰੀਆਂ ਕਮੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਤੇ ਕਈ ਵਾਰੀ ਇਹ ਕਮੀਆਂ ਮਾਨਸਿਕ ਰੋਗਾਂ ਨੂੰ ਜਨਮ ਦੇਣ ਦੇ ਨਾਲ ਨਾਲ ਜਾਨ ਲੇਵਾ ਤੇ ਅਪਰਾਧੀ ਇਨਸਾਨ ਬਣਾਉਣ ਵੱਲ ਵੀ ਧੱਕਦੀਆਂ ਹਨ ।

ਅੱਜ ਦੇ ਸਮੇਂ ਵਿੱਚ ਇਸ ਨਾਜਾਇਜ਼ ਵਤੀਰੇ ਕਾਰਣ ਸੰਸਾਰ ਦੇ ਲੱਗਭਗ ਹਰ ਮੁਲਕ ਦਾ ਮਰਦ ਪਿਸਿਆ ਜਾ ਰਿਹਾ ਹੈ। ਨਿਊਜ਼ੀਲੈਂਡ ਦੇ ਕਾਨੂੰਨ ਅਨੁਸਾਰ ਤਿੰਨ ਸਾਲ ਦੇ ਵਿਵਾਹਿਕ ਸੰਬੰਧਾਂ ਤੋਂ ਬਾਅਦ ਔਰਤ, ਮਰਦ ਦੀ ਚੱਲ ਤੇ ਅਚੱਲ ਜਾਇਦਾਦ ਤੇ ਧਨ ਦੇ ਅੱਧ ਦੀ ਹੱਕਦਾਰ ਹੁੰਦੀ ਹੈ। ਇਸ ਕਾਰਣ ਬਹੁਤ ਸਾਰੀਆਂ ਇਸਤਰੀਆਂ ਤੇ ਉਨਾਂ ਦੇ ਪੇਕਿਆਂ ਨੇ ਇਸਨੂੰ ਧੰਦਾ ਹੀ ਬਣਾ ਰੱਖਿਆ ਹੈ। ਇਸ ਤਰ੍ਹਾਂ ਅਜਿਹੀਆਂ ਔਰਤਾਂ ਪੰਜ ਛੇ ਵਿਆਹ ਕਰਵਾ ਕੇ ਮਰਦਾਂ ਤੋਂ ਉਸਦੀ ਅੱਧੀ ਜਾਇਦਾਦ ਵੰਡਾ ਕੇ,ਅਮੀਰ ਤੋਂ ਅਮੀਰ ਹੋਈ ਜਾਂਦੀਆਂ ਹਨ ਤੇ ਮਰਦ ਵਿਚਾਰਾ ਗਰੀਬ ਤੋਂ ਗਰੀਬ ਤੇ ਬਾਰ ਬਾਰ ਜ਼ਿੰਦਗੀ ਦੇ ਧੋਖੇ ਕਾਰਣ ਜਾਂ ਤਾਂ ਮਾਨਸਿਕ ਬੀਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ ਜਾਂ ਆਤਮਘਾਤ ਕਰ ਲੈਂਦਾ ਹੈ। ਜਾਣਯੋਗ ਹੈ ਕਿ ਲੜਕੀ ਦੇ ਇਸ ਧੋਖੇਧੜੀ ਦੇ ਧੰਦੇ ਵਿੱਚ ਉਸਦਾ ਪਰਿਵਾਰ ਪੂਰੀ ਤਰਾਂ ਸ਼ਾਮਿਲ ਹੁੰਦਾ ਹੈ ਤੇ ਉਸਦੇ ਸਿਰ ਤੇ ਅੱਯਾਸ਼ੀ ਦਾ ਜੀਵਨ ਬਤੀਤ ਕਰਦਾ ਹੈ। ਅਫਸੋਸ ਦੀ ਗੱਲ ਹੈ ਕਿ ਇਸ ਗੋਰਖ ਧੰਦੇ ਵਿੱਚ ਸਾਡੀਆਂ ਪੰਜਾਬੀ ਇਸਤਰੀਆਂ ਤੇ ਲੜਕੀਆਂ ਦੀ ਭਰਮਾਰ ਹੈ। ਮਰਦ ਨਾਲ ਵਰਤਦੇ ਇਸ ਦਰਦ ਤੋਂ ਸਰਕਾਰਾਂ ਤੇ ਨਿਆਂ ਪਾਲਕਾਵਾਂ ਵੀ ਭਲੀ ਭਾਂਤ ਜਾਣੂੰ ਹਨ , ਪਰ ਅਫਸੋਸ ਕਿ ਬਿੱਲੀ ਗਲ ਟੱਲੀ ਬੰਨ੍ਹਣ ਨੂੰ ਕੋਈ ਵੀ ਤਿਆਰ ਨਹੀਂ। ਪਰ ਕਦੋਂ ਤੱਕ ? ਇੱਕ ਨਾ ਇੱਕ ਦਿਨ ਔਰਤਾਂ ਵੱਲੋਂ ਕਨੂੰਨ ਦੀ ਹੋ ਰਹੀ ਦੁਰਵਰਤੋਂ ਨੂੰ ਬਦਲ ਕੇ ,ਸਰਕਾਰਾਂ ਨੂੰ ਮਰਦ ਤੇ ਔਰਤ ਲਈ ਬਰਾਬਰੀ ਦਾ ਕਨੂੰਨ ਬਨਾਉਣਾ ਹੀ ਪਵੇਗਾ, ਨਹੀਂ ਤਾਂ ਜਗਤ ਦਾ ਚਿਹਰਾ ਮੁਹਰਾ ਵਿਗੜਨ ਲੱਗਿਆਂ ਦੇਰ ਨਹੀਂ ਲੱਗੇਗੀ ।ਇਸ ਉਤਪੀੜਨ ਸੰਬੰਧੀ ਹਰ ਪੀੜਿਤ ਪਰਿਵਾਰ ਨੂੰ ਅਵਾਜ਼ ਉਠਾਉਣੀ ਚਾਹੀਦੀ ਹੈ, ਕਦੇ ਤਾਂ ਸਰਕਾਰਾਂ ਦੇ ਕੰਨਾਂ ਵਿੱਚ ਆਵਾਜ਼ ਪਵੇਗੀ!




ਨਰੇਸ਼ ਕੁਮਾਰੀ ਸ਼ਰਮਾ

+02041755894

KWALITY
MINI BAZAAR
Store's Name and address:
1. Kwality Mini Bazaar Papatoetoe
286 Great South Road, Papatoetoe, Auckland -2025
2. Kwality Mini Bazaar Botany
5/2 Bishop Dunn Place, Flat Bush, Auckland - 2013
3. Kwality Mini Bazaar Manurewa
88F Great South Road, Takanini- 2112
4. Kwality Mini Bazaar Papakura
305 Great South Road, Takanini, Auckland - 2112
ਵਧੀਆ ਅਤੇ ਸਾਫ ਸੁਥਰੀ ਗਰੋਸਰੀ ਵਾਸਤੇ ਇੱਕੋ ਇੱਕ ਨਾਂ ਯਾਦ ਰੱਖੋ
KWALITY
MINI BAZAAR
PATOETOE
PAPAKURA
MANUREWA

# Text Pihsihng Scam ਮਾਮਲੇ 'ਚ ਅਦਾਲਤ ਦਾ ਵੱਡਾ ਫੈਸਲਾ



text pihsihng scam ਮਾਮਲੇ ਨਾਲ ਜੁੜੀ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਦਰਅਸਲ ਯੂਕੇ ਦੇ ਦੋ ਨਾਗਰਿਕਾਂ ਨੂੰ ਟੈਕਸਟ ਫਿਸ਼ਿੰਗ ਘੁਟਾਲੇ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਕਾਰਨ ਡਿਪੋਰਟ ਕੀਤਾ ਜਾਣਾ ਤੈਅ ਹੈ।

ਆਕਲੈਂਡ ਸਿਟੀ ਫਾਈਨੈਂਸ਼ੀਅਲ ਕ੍ਰਾਈਮ ਯੂਨਿਟ ਦੇ ਸੀਨੀਅਰ ਸਾਰਜੈਂਟ ਕ੍ਰੇਗ ਬੋਲਟਨ ਨੇ ਕਿਹਾ ਕਿ ਕਈ ਜਾਣੀਆਂ-ਪਛਾਣੀਆਂ ਅਤੇ ਭਰੋਸੇਮੰਦ ਸੰਸਥਾਵਾਂ ਦੀ ਨਕਲ ਕੀਤੀ ਹੈ। ਕੁਝ ਪੀੜਤਾਂ ਨੂੰ $10,000 ਅਤੇ $100,000 ਦੇ ਵਿਚਕਾਰ ਦਾ ਨੁਕਸਾਨ ਹੋਇਆ ਸੀ। ਮੰਗਲਵਾਰ ਨੂੰ ਆਕਲੈਂਡ ਜ਼ਿਲ੍ਹਾ ਅਦਾਲਤ ਵਿੱਚ ਐਲਵਿਨ ਐਗਏਮੈਨ ਅਚਹਏਓਮਪੋਨਗ ਅਤੇ ਅਲੈਗਜ਼ੈਂਡਰ ਮੈਨਫੋ ਨੂੰ ਸਜ਼ਾ ਸੁਣਾਈ ਗਈ ਹੈ।


ਅਚੇਮਪੋਂਗ ਨੂੰ ਘੁਟਾਲੇ ਦੌਰਾਨ ਕੀਤੇ ਗਏ ਧੋਖਾਧੜੀ ਦੇ ਅਪਰਾਧਾਂ ਲਈ ਕਈ ਦੋਸ਼ਾਂ 'ਚ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਜਦਕਿ ਮਨਫੋ ਨੂੰ $3400 ਜੁਰਮਾਨੇ ਦੇ ਨਾਲ 400 ਘੰਟੇ ਦੀ ਕਮਿਊਨਿਟੀ ਸੇਵਾ ਦੀ ਸਜ਼ਾ ਸੁਣਾਈ ਗਈ ਸੀ। ਮਨਫੋ ਇਸ ਹਫ਼ਤੇ ਦੇ ਅੰਤ ਵਿੱਚ ਦੇਸ਼ ਛੱਡ ਦੇਵੇਗਾ, ਅਚੈਂਪੋਂਗ ਨੂੰ ਵੀ ਜੇਲ੍ਹ ਦਾ ਸਮਾਂ ਪੂਰਾ ਕਰਨ ਤੋਂ ਬਾਅਦ ਦੇਸ਼ ਨਿਕਾਲਾ ਦਿੱਤਾ ਜਾਵੇਗਾ।


ਦੱਸ ਦੇਈਏ ਟੈਕਸਟ ਫਿਸ਼ਿੰਗ ਘੁਟਾਲਾ ਇੱਕ ਕਿਸਮ ਦਾ ਸਾਈਬਰ ਕ੍ਰਾਈਮ ਹੈ ਜੋ ਲੋਕਾਂ ਦੀ ਨਿੱਜੀ ਜਾਂ ਵਿੱਤੀ ਜਾਣਕਾਰੀ ਹਾਸਿਲ ਕਰਨ ਲਈ ਟੈਕਸਟ ਸੁਨੇਹਿਆਂ (ਮੈਸਜ ) ਦੀ ਵਰਤੋਂ ਕਰਦਾ ਹੈ।

ਯਾਨੀ ਕਿ ਜਦੋਂ ਤੁਸੀਂ ਕਿਸੇ ਲਿੰਕ 'ਤੇ ਕਲਿੱਕ ਕਰਦੇ ਹੋ ਜਾਂ ਕੋਈ ਫ਼ਾਈਲ ਡਾਊਨਲੋਡ ਕਰਦੇ ਹੋ ਤੁਹਾਡੇ ਬੈਂਕ ਵੇਰਵੇ ਜਾਂ ਹੋਰ ਨਿੱਜੀ ਜਾਣਕਾਰੀ ਚੋਰੀ ਹੋ ਸਕਦੀ ਹੈ, ਤੁਹਾਡੀ ਡੀਵਾਈਸ 'ਤੇ ਮਾਲਵੇਅਰ ਡਾਊਨਲੋਡ ਕਰ ਸਕਦੀ ਹੈ, ਅਤੇ ਤੁਹਾਡੇ ਕੰਪਿਊਟਰ ਜਾਂ ਡੀਵਾਈਸਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

First in service
THIRSTY LIQUOR
First in value
Black Bull LIQUOR
NO BULL, JUST THE BEST
Over 200 Liquor Stores Nationwide
Join the fastest gowing liquor franchise in NZ! If you would like to discuss any liquor store business opportunities do not hesitate to contact any one of the team.
Tina 021 854 786
Jack 021 783 488

Travel Point
0800 66 11 88
Specialist for Indian Subcontinent Travel
Competitive Pricing
Trusted Service
Customer Focus
Leisure & Business Travel
Group & Tour Bookings







TICKETING
TOURS
HOLIDAYS
SANDRINGHAM OFFICE
521 Sandringham Road
Sandringham, Auckland, Ph: 09-815 3595
PAPATOETOE OFFICE
14 East Tamaki Road,
Papatoetoe, Auckland, Ph: 09-277 0592
Emergency 24/7: 027 491 8583
www.travelpoint.co.nz

# ਪੁਲਾੜ ਖੇਤਰ 'ਚ ਸਟਾਰਟਅੱਪ ਦੀ ਭੂਮਿਕਾ ਮਹੱਤਵਪੂਰਨ : ISRO ਚੇਅਰਮੈਨ



ਤਿਰੁਵਨੰਤਪੁਰਮ - ਇਸਰੋ ਦੇ ਚੇਅਰਮੈਨ ਐੱਸ. ਸੋਮਨਾਥ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਭਾਰਤ ਵਿਚ ਪੁਲਾੜ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਵਿਚ ਨਿੱਜੀ ਖੇਤਰ ਅਤੇ ਸਟਾਰਟਅੱਪ ਦੀ ਅਹਿਮ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਮਦਦ ਨਾਲ ਦੇਸ਼ ਗਲੋਬਲ ਮਾਰਕੀਟ 'ਚ ਵੱਧ ਹਿੱਸੇਦਾਰੀ ਹਾਸਲ ਕਰ ਸਕਦਾ ਹੈ। ਉਹ ਇੱਥੇ ਕੇਰਲ ਸਟਾਰਟਅਪ ਮਿਸ਼ਨ ਦੇ ਈਵੈਂਟ 'ਹਡਲ ਗਲੋਬਲ 2024' 'ਚ 'ਇਸਰੋ ਦੇ ਵਿਜ਼ਨ ਅਤੇ ਭਾਰਤ 'ਚ ਪੁਲਾੜ ਤਕਨਾਲੋਜੀ ਕੰਪਨੀਆਂ ਦੇ ਉਦੈ' 'ਤੇ ਬੋਲ ਰਹੇ ਸਨ। ਸੋਮਨਾਥ ਨੇ ਕੋਵਲਮ 'ਚ ਸਟਾਰਟਅਪ ਉਤਸਵ ਦੇ ਦੂਜੇ ਦਿਨ ਆਪਣੇ ਸੰਬੋਧਨ 'ਚ ਕਿਹਾ,"ਇਕ ਮਾਨਤਾ ਪ੍ਰਾਪਤ ਪੁਲਾੜ ਸ਼ਕਤੀ ਹੋਣ ਦੇ ਬਾਵਜੂਦ, ਵਿਸ਼ਵ ਕਾਰੋਬਾਰ 'ਚ ਭਾਰਤ ਦੀ ਹਿੱਸੇਦਾਰੀ ਸਿਰਫ 2 ਪ੍ਰਤੀਸ਼ਤ ਯਾਨੀ 386 ਅਰਬ ਅਮਰੀਕੀ ਡਾਲਰ ਹੈ।

ਭਾਰਤ ਦੀ ਯੋਜਨਾ ਇਸ ਨੂੰ 2030 ਤੱਕ 500 ਅਰਬ ਡਾਲਰ ਅਤੇ 2047 ਤੱਕ 1,500 ਅਰਬ ਡਾਲਰ ਤੱਕ ਵਧਾਉਣ ਦੀ ਹੈ।'' ਨਿੱਜੀ ਖੇਤਰ ਲਈ ਵਪਾਰਕ ਗਤੀਵਿਧੀਆਂ ਦੀਆਂ ਸੰਭਾਵਨਾਵਾਂ ਵੱਲ ਇਸ਼ਾਰਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਭਾਰਤ ਕੋਲ ਸਿਰਫ 15 ਕਾਰਜਸ਼ੀਲ ਪਾਲੜ ਸੈਟੇਲਾਈਟ ਹਨ, ਜੋ ਮੁਕਾਬਲਤਨ ਘੱਟ ਹਨ। ਸੋਮਨਾਥ ਨੇ ਕਿਹਾ ਕਿ ਪੁਲਾੜ ਤਕਨਾਲੋਜੀ 'ਚ ਭਾਰਤ ਦੀ ਮਾਹਿਰਤਾ ਅਤੇ ਸੈਟੇਲਾਈਟ ਨਿਰਮਾਣ ਕੰਪਨੀਆਂ ਦੀ ਵਧਦੀ ਗਿਣਤੀ ਨੂੰ ਦੇਖਦੇ ਹੋਏ ਦੇਸ਼ ਪੁਲਾੜ 'ਚ ਘੱਟੋ-ਘੱਟ 500 ਸੈਟੇਲਾਈਟ ਰੱਖਣ ਦੀ ਸਮਰੱਥਾ ਰੱਖਦਾ ਹੈ। ਕੇ.ਐੱਸ.ਯੂ.ਐੱਮ. ਨੇ ਇਕ ਬਿਆਨ ਜਾਰੀ ਕਰ ਕੇ ਸੋਮਨਾਥ ਦੇ ਹਵਾਲੇ ਤੋਂ ਕਿਹਾ,''ਹੁਣ ਬਜ਼ਾਰ 'ਚ ਕਈ ਨਿੱਜੀ ਇਕਾਈਆਂ ਉਭਰ ਰਹੀਆਂ ਹਨ, ਜਿਨ੍ਹਾਂ ਕੋਲ ਸੈਟੇਲਾਈਟਾਂ ਦਾ ਨਿਰਮਾਣ ਕਰਨ ਅਤੇ ਉਨ੍ਹਾਂ ਨੂੰ ਆਰਬਿਟ 'ਚ ਸਥਾਪਤ ਕਰਨ ਦੀ ਸਮਰੱਥਾ ਹੈ ਅਤੇ ਇੱਥੇ ਤੱਕ ਕਿ ਨਿੱਜੀ 'ਲਾਂਚਪੈਡ' ਵੀ ਬਣ ਰਹੇ ਹਨ।'' ਉਨ੍ਹਾਂ ਕਿਹਾ ਕਿ 2014 'ਚ ਜਿੱਥੇ ਪੁਲਾੜ ਨਾਲ ਸੰਬੰਧਤ ਸਿਰਫ਼ ਇਕ ਸਟਾਰਟਅੱਪ ਸੀ, ਉੱਥੇ ਹੀ 2024 ਤੱਕ ਇਹ ਗਿਣਤੀ ਵੱਧ ਕੇ 250 ਤੋਂ ਵੱਧ ਹੋ ਗਈ ਹੈ। ਇਕੱਲੇ 2023 'ਚ ਪੁਲਾੜ ਸਟਾਰਟਅੱਪ ਸੈਗਮੈਂਟ ਨੇ 1,000 ਕਰੋੜ ਰੁਪਏ ਦਾ ਨਿਵੇਸ਼ ਜੁਟਾਇਆ।

# ਮਹਾਕੁੰਭ ਮੇਲੇ ਲਈ 1300 ਤੋਂ ਵੱਧ ਟਰੇਨਾਂ ਚਲਾਏਗਾ ਰੇਲਵੇ



ਪ੍ਰਯਾਗਰਾਜ- ਅਗਲੇ ਸਾਲ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿਚ ਹੋਣ ਵਾਲੇ ਮਹਾਕੁੰਭ ਮੇਲੇ 'ਚ 40 ਕਰੋੜ ਸ਼ਰਧਾਲੂਆਂ ਦੇ ਆਉਣ ਦੀ ਉਮੀਦ ਹੈ। ਇਹ ਮਹਾਕੁੰਭ ਮੇਲਾ 13 ਜਨਵਰੀ ਤੋਂ 26 ਫਰਵਰੀ ਤੱਕ ਚੱਲੇਗਾ। ਮੇਲੇ ਦੌਰਾਨ 6 ਮੁੱਖ ਇਸ਼ਨਾਨਾਂ ਦੌਰਾਨ 140 ਨਿਯਮਿਤ ਟਰੇਨਾਂ ਤੋਂ ਇਲਾਵਾ ਰੇਲਵੇ 1,225 ਵਿਸ਼ੇਸ਼ ਟਰੇਨਾਂ ਚਲਾਏਗਾ। ਰੇਲਵੇ ਦੇ ਬੁਲਾਰੇ ਨੇ ਕਿਹਾ ਕਿ ਅਯੁੱਧਿਆ ਅਤੇ ਕਾਸ਼ੀ ਦੀ ਯਾਤਰਾ ਕਰਨ ਦੇ ਚਾਹਵਾਨ ਸ਼ਰਧਾਲੂਆਂ ਦੀ ਸਹੂਲਤ ਲਈ ਰੇਲਵੇ ਪ੍ਰਯਾਗਰਾਜ, ਪ੍ਰਯਾਗ, ਅਯੁੱਧਿਆ, ਵਾਰਾਣਸੀ, ਰਾਮਬਾਗ ਆਦਿ ਵਰਗੇ ਵੱਡੇ ਸਟੇਸ਼ਨਾਂ 'ਤੇ ਸਟਾਪੇਜ ਨਾਲ ਫਾਸਟ ਮੇਮੂ ਸੇਵਾ ਚਲਾਉਣ ਦੀ ਯੋਜਨਾ ਬਣਾ ਰਿਹਾ ਹੈ। ਮੇਲਾ ਖੇਤਰ ਦੇ ਨਾਲ-ਨਾਲ ਸਾਰੇ ਸਟੇਸ਼ਨਾਂ 'ਤੇ ਕੁੱਲ 542 ਟਿਕਟਿੰਗ ਪੁਆਇੰਟ ਪ੍ਰਦਾਨ ਕੀਤੇ ਗਏ ਹਨ। ਬੁਲਾਰੇ ਨੇ ਦੱਸਿਆ ਕਿ ਇਹ ਕਾਊਂਟਰ ਰੋਜ਼ਾਨਾ 9.76 ਲੱਖ ਟਿਕਟਾਂ ਦੀ ਵੰਡ ਕਰ ਸਕਦੇ ਹਨ।

ਪ੍ਰਯਾਗਰਾਜ- ਅਗਲੇ ਸਾਲ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿਚ ਹੋਣ ਵਾਲੇ ਮਹਾਕੁੰਭ ਮੇਲੇ 'ਚ 40 ਕਰੋੜ ਸ਼ਰਧਾਲੂਆਂ ਦੇ ਆਉਣ ਦੀ ਉਮੀਦ ਹੈ। ਇਹ ਮਹਾਕੁੰਭ ਮੇਲਾ 13 ਜਨਵਰੀ ਤੋਂ 26 ਫਰਵਰੀ ਤੱਕ ਚੱਲੇਗਾ। ਮੇਲੇ ਦੌਰਾਨ 6 ਮੁੱਖ ਇਸ਼ਨਾਨਾਂ ਦੌਰਾਨ 140 ਨਿਯਮਿਤ ਟਰੇਨਾਂ ਤੋਂ ਇਲਾਵਾ ਰੇਲਵੇ 1,225 ਵਿਸ਼ੇਸ਼ ਟਰੇਨਾਂ ਚਲਾਏਗਾ। ਰੇਲਵੇ ਦੇ ਬੁਲਾਰੇ ਨੇ ਕਿਹਾ ਕਿ ਅਯੁੱਧਿਆ ਅਤੇ ਕਾਸ਼ੀ ਦੀ ਯਾਤਰਾ ਕਰਨ ਦੇ ਚਾਹਵਾਨ ਸ਼ਰਧਾਲੂਆਂ ਦੀ ਸਹੂਲਤ ਲਈ ਰੇਲਵੇ ਪ੍ਰਯਾਗਰਾਜ, ਪ੍ਰਯਾਗ, ਅਯੁੱਧਿਆ, ਵਾਰਾਣਸੀ, ਰਾਮਬਾਗ ਆਦਿ ਵਰਗੇ ਵੱਡੇ ਸਟੇਸ਼ਨਾਂ 'ਤੇ ਸਟਾਪੇਜ ਨਾਲ ਫਾਸਟ ਮੇਮੂ ਸੇਵਾ ਚਲਾਉਣ ਦੀ ਯੋਜਨਾ ਬਣਾ ਰਿਹਾ ਹੈ। ਮੇਲਾ ਖੇਤਰ ਦੇ ਨਾਲ-ਨਾਲ ਸਾਰੇ ਸਟੇਸ਼ਨਾਂ 'ਤੇ ਕੁੱਲ 542 ਟਿਕਟਿੰਗ ਪੁਆਇੰਟ ਪ੍ਰਦਾਨ ਕੀਤੇ ਗਏ ਹਨ। ਬੁਲਾਰੇ ਨੇ ਦੱਸਿਆ ਕਿ ਇਹ ਕਾਊਂਟਰ ਰੋਜ਼ਾਨਾ 9.76 ਲੱਖ ਟਿਕਟਾਂ ਦੀ ਵੰਡ ਕਰ ਸਕਦੇ ਹਨ।

CHEAP CLEANING



Cheap Lawn Mowing

Gardening

House Cleaning

For Free quote call

0204915760

# ਵਾਇਨਾਡ ਦੇ ਲੋਕਾਂ ਦੇ ਬਿਹਤਰ ਭਵਿੱਖ ਲਈ ਕਰਾਂਗੀ ਕੰਮ : ਪ੍ਰਿਅੰਕਾ ਗਾਂਧੀ



ਲੋਕ ਸਭਾ ਸੀਟ ਤੋਂ ਉਪ ਚੋਣ ਜਿੱਤਣ ਤੋਂ ਬਾਅਦ ਕੇਰਲ ਦੇ ਦੋ ਦਿਨਾਂ ਦੌਰੇ 'ਤੇ ਪਹੁੰਚੀ ਕਾਂਗਰਸ ਸੰਸਦ ਪ੍ਰਿਯੰਕਾ ਗਾਂਧੀ ਵਾਡਰਾ ਨੇ ਸ਼ਨੀਵਾਰ ਨੂੰ ਕਿਹਾ ਕਿ ਉਹ ਆਪਣੇ ਹਲਕੇ ਦੇ ਲੋਕਾਂ ਦੇ ਬਿਹਤਰ ਭਵਿੱਖ ਨੂੰ ਯਕੀਨੀ ਬਣਾਉਣ ਲਈ ਕੰਮ ਕਰੇਗੀ। ਪ੍ਰਿਯੰਕਾ ਨੇ ਕਿਹਾ ਕਿ ਉਹ ਵਾਇਨਾਡ ਵਾਪਸ ਆ ਕੇ ਬਹੁਤ ਖੁਸ਼ ਹੈ ਅਤੇ ਇੱਥੋਂ ਦੇ ਲੋਕਾਂ ਦੀ ਮਦਦ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਉਹਨਾਂ ਨੇ ਇੱਥੇ ਕਰੀਪੁਰ ਹਵਾਈ ਅੱਡੇ ਦੇ ਬਾਹਰ ਪੱਤਰਕਾਰਾਂ ਨੂੰ ਕਿਹਾ, "ਮੈਂ ਇੱਥੇ ਵਾਪਸ ਆ ਕੇ ਬਹੁਤ ਖੁਸ਼ ਹਾਂ ਅਤੇ ਕੰਮ ਸ਼ੁਰੂ ਕਰਨ ਲਈ ਤਿਆਰ ਹਾਂ। ਵਾਇਨਾਡ ਦੇ ਲੋਕਾਂ ਦੇ ਬਿਹਤਰ ਭਵਿੱਖ ਲਈ ਮੈਂ ਜੋ ਵੀ ਕਰ ਸਕਦੀ ਹਾਂ, ਕਰਨ ਲਈ ਤਿਆਰ ਹਾਂ।'' ਵਾਇਨਾਡ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਦੇ ਰੂਪ ਵਿਚ ਇਹ ਉਨ੍ਹਾਂ ਦਾ ਪਹਿਲਾ ਦੌਰਾ ਹੈ।

ਕਾਂਗਰਸ ਵੱਲੋਂ ਜਾਰੀ ਕੀਤੇ ਗਏ ਪ੍ਰਿਅੰਕਾ ਦੇ ਪ੍ਰੋਗਰਾਮ ਮੁਤਾਬਕ, ਉਹ ਆਪਣੇ ਭਰਾ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ ਨਾਲ ਕੋਜ਼ੀਕੋਡ ਜ਼ਿਲ੍ਹੇ ਦੇ ਤਿਰੂਵੰਬਦੀ ਵਿਧਾਨ ਸਭਾ ਹਲਕੇ ਦੇ ਮੁੱਕਮ ਵਿੱਚ ਦੁਪਹਿਰ ਨੂੰ ਇੱਕ ਜਨ ਸਭਾ ਕਰੇਗੀ। ਪਾਰਟੀ ਨੇ ਕਿਹਾ ਇਸ ਤੋਂ ਬਾਅਦ ਨੀਲਾਂਬੁਰ ਦੇ ਕਰੂਲਾਈ, ਵੰਦੂਰ ਅਤੇ ਇਰਾਨਾਡ ਦੇ ਐਡਵੰਨਾ ਵਿੱਚ ਉਹਨਾਂ ਦੇ ਸੁਆਗਤ ਸਮਾਗਮ ਆਯੋਜਨ ਕੀਤੇ ਜਾਣਗੇ। ਵਾਇਨਾਡ ਵਿਧਾਨ ਸਭਾ ਹਲਕੇ ਵਿੱਚ ਸੱਤ ਵਿਧਾਨ ਸਭਾ ਹਲਕੇ ਸ਼ਾਮਲ ਹਨ- ਵਾਇਨਾਡ ਜ਼ਿਲ੍ਹੇ ਵਿੱਚ ਮਨੰਤਵਾਦੀ (ਅਨੁਸੂਚਿਤ ਜਨਜਾਤੀਆਂ ਲਈ ਰਾਖਵਾਂ), ਸੁਲਤਾਨ ਬਾਥਰੀ (ਅਨੁਸੂਚਿਤ ਕਬੀਲਿਆਂ ਲਈ ਰਾਖਵਾਂ) ਅਤੇ ਕਲਪੇਟਾ; ਕੋਜ਼ੀਕੋਡ ਜ਼ਿਲ੍ਹੇ ਵਿੱਚ ਤਿਰੂਵਾਂਬਦੀ ਅਤੇ ਮਲੱਪੁਰਮ ਜ਼ਿਲ੍ਹੇ ਵਿੱਚ ਇਰਨਾਡ, ਨੀਲਾਂਬੁਰ ਅਤੇ ਵੰਦੂਰ। ਪ੍ਰਿਅੰਕਾ ਨੇ ਵਾਇਨਾਡ ਲੋਕ ਸਭਾ ਉਪ ਚੋਣ 4,10,931 ਵੋਟਾਂ ਦੇ ਵੱਡੇ ਫ਼ਰਕ ਨਾਲ ਜਿੱਤੀ। ਇਹ ਉਨ੍ਹਾਂ ਦੀ ਪਹਿਲੀ ਚੋਣ ਹੈ। ਉਹਨਾਂ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਸੀਟ ਤੋਂ ਆਪਣੇ ਭਰਾ ਰਾਹੁਲ ਗਾਂਧੀ ਦੀ ਜਿੱਤ ਦੇ ਅੰਤਰ ਨੂੰ ਪਿੱਛੇ ਛੱਡ ਦਿੱਤਾ।

# ਨਾਨਾ ਪਾਟੇਕਰ ਨੇ ਰੈਪਰ ਬਾਦਸ਼ਾਹ ਦਾ ਉਡਾਇਆ ਮਜ਼ਾਕ





ਮੁੰਬਈ- ਦਿੱਗਜ ਬਾਲੀਵੁੱਡ ਅਦਾਕਾਰ ਨਾਨਾ ਪਾਟੇਕਰ ਹਾਲ ਹੀ 'ਚ ਸਿੰਗਿੰਗ ਰਿਐਲਿਟੀ ਸ਼ੋਅ 'ਇੰਡੀਅਨ ਆਈਡਲ 15' ਦੇ ਮੰਚ 'ਤੇ ਪਹੁੰਚੇ। ਇਹ ਪਹਿਲੀ ਵਾਰ ਸੀ ਜਦੋਂ ਅਦਾਕਾਰ ਨੂੰ ਕਿਸੇ ਸਿੰਗਿੰਗ ਰਿਐਲਿਟੀ ਸ਼ੋਅ ਵਿੱਚ ਮਹਿਮਾਨ ਵਜੋਂ ਦੇਖਿਆ ਗਿਆ ਸੀ, ਜਿਸ ਦਾ ਪ੍ਰੋਮੋ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਪ੍ਰੋਮੋ 'ਚ ਨਾਨਾ ਰੈਪਰ ਬਾਦਸ਼ਾਹ ਦੇ ਰੈਪ ਦਾ ਮਜ਼ਾਕ ਉਡਾਉਂਦੇ ਨਜ਼ਰ ਆਏ। ਉਨ੍ਹਾਂ ਨੇ ਜੱਜਾਂ ਅਤੇ ਮੁਕਾਬਲੇਬਾਜ਼ਾਂ ਦੇ ਸਾਹਮਣੇ ਬਾਦਸ਼ਾਹ ਦੇ ਰੈਪ ਦਾ ਮਜ਼ਾਕ ਉਡਾਇਆ। ਇੰਨਾ ਹੀ ਨਹੀਂ ਉਨ੍ਹਾਂ ਨੂੰ ਲਾਈਵ ਸ਼ੋਅ 'ਚ ਪਰਫਾਰਮ ਕਰਨ ਦੀ ਚੈਲੇਂਜ ਵੀ ਦਿੱਤਾ।

ਤੁਹਾਨੂੰ ਦੱਸ ਦੇਈਏ ਕਿ ਸਿੰਗਿੰਗ ਰਿਐਲਿਟੀ ਸ਼ੋਅ 'ਇੰਡੀਅਨ ਆਈਡਲ 15' ਨਾਲ ਜੁੜਿਆ ਇੱਕ ਪ੍ਰੋਮੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ।

ਇਸ ਪ੍ਰੋਮੋ 'ਚ ਨਾਨਾ ਪਾਟੇਕਰ ਮਹਿਮਾਨ ਦੇ ਤੌਰ 'ਤੇ ਸ਼ੋਅ 'ਚ ਸ਼ਾਮਲ ਹੋਣ ਲਈ ਪਹੁੰਚੇ ਹਨ। ਦਰਅਸਲ, ਅਦਾਕਾਰ ਆਪਣੀ ਫਿਲਮ 'ਵਨਵਾਸ' ਦੇ ਪ੍ਰਮੋਸ਼ਨ ਲਈ ਪਹੁੰਚੇ ਸਨ। ਉਨ੍ਹਾਂ ਤੋਂ ਇਲਾਵਾ ਉਤਕਰਸ਼ ਸ਼ਰਮਾ, ਸਿਮਰਤ ਕੌਰ ਅਤੇ ਅਨਿਲ ਸ਼ਰਮਾ ਵੀ ਇਸ ਸ਼ੋਅ ਦਾ ਹਿੱਸਾ ਬਣੇ। ਇਸ ਦੌਰਾਨ ਨਾਨਾ ਪਾਟੇਕਰ ਨੇ ਸਭ ਦੇ ਸਾਹਮਣੇ ਰੈਪਰ ਦਾ ਮਜ਼ਾਕ ਉਡਾਇਆ। ਉਸ ਨੇ ਬਾਦਸ਼ਾਹ ਨੂੰ ਦੱਸਿਆ ਕਿ ਉਸ ਨੇ ਕਦੇ ਵੀ ਰੈਪ ਬਾਰੇ ਨਹੀਂ ਸੁਣਿਆ।

ਵਾਇਰਲ ਪ੍ਰੋਮੋ ਵਿੱਚ ਤੁਸੀਂ ਦੇਖ ਸਕਦੇ ਹੋ ਕਿ ਇੱਕ ਮੁਕਾਬਲੇਬਾਜ਼ ਦੀ ਮਾਂ ਸ਼ੋਅ ਦੇ ਜੱਜ ਬਾਦਸ਼ਾਹ ਨੂੰ ਪੁੱਛਦੀ ਹੈ ਕਿ ਉਹ ਰੈਪ ਕਿਵੇਂ ਕਰਦਾ ਹੈ? ਜਿਵੇਂ ਹੀ ਰੈਪਰ ਜਵਾਬ ਦੇਣ ਗਿਆ ਤਾਂ ਨਾਨਾ ਪਾਟੇਕਰ ਨੇ ਉਨ੍ਹਾਂ ਨੂੰ ਟੋਕਦਿਆਂ ਕਿਹਾ, ਮੈਂ ਤੈਨੂੰ ਕਦੇ ਸੁਣਿਆ ਨਹੀਂ ਹੈ ਪੁੱਤਰ, ਕਿਸ ਤਰ੍ਹਾਂ ਨਾਲ ਹੁੰਦਾ ਹੈ ਉਹ?' ਅਦਾਕਾਰ ਦੇ ਇਸ ਸਵਾਲ 'ਤੇ ਬਾਦਸ਼ਾਹ ਕਹਿੰਦੇ ਹਨ, 'ਜਿਵੇਂ ਤੁਸੀਂ ਮੈਨੂੰ ਮਿਲਣ ਆਏ।' ਬਹੁਤ ਪਿਆਰ ਨਾਲ ਮਿਲੇ। ਜੇਕਰ ਤੁਸੀਂ ਸੁਣਿਆ ਹੁੰਦਾ ਤਾਂ ਸ਼ਾਇਦ ਤੁਸੀਂ ਨਾ ਮਿਲਦੇ।'

ਤੁਹਾਨੂੰ ਦੱਸ ਦੇਈਏ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਬਾਦਸ਼ਾਹ ਦੇ ਰੈਪ ਦਾ ਮਜ਼ਾਕ ਉਡਾਇਆ ਗਿਆ ਹੋਵੇ। ਇਸ ਤੋਂ ਪਹਿਲਾਂ ਬਾਦਸ਼ਾਹ ਨੇ ਅਧਿਆਤਮਕ ਗੁਰੂ ਸ਼੍ਰੀ ਸ਼੍ਰੀ ਰਵੀਸ਼ੰਕਰ ਨਾਲ ਲਾਈਵ ਵੀਡੀਓ ਪਾਈ ਸੀ। ਉਸ ਸਮੇਂ ਦੌਰਾਨ ਬਾਦਸ਼ਾਹ ਨੇ ਗੁਰੂ ਰਵੀ ਸ਼ੰਕਰ ਨੂੰ ਭਗਵਾਨ ਸ਼ਿਵ ਨਾਲ ਸਬੰਧਤ ਇੱਕ ਰੈਪ ਗੀਤ ਸੁਣਾਇਆ ਸੀ।

ਰੈਪ ਸੁਣਨ ਤੋਂ ਬਾਅਦ, ਰਵੀ ਸ਼ੰਕਰ ਨੇ ਰੈਪਰ ਨੂੰ ਉਹ ਲਾਈਨਾਂ ਗਾਉਣ ਲਈ ਕਿਹਾ ਜੋ ਉਸਨੇ ਹੁਣੇ ਸੁਣੀਆਂ ਸਨ। ਉਨ੍ਹਾਂ ਦਾ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋਇਆ ਸੀ। ਇਸ ਕਾਰਨ ਲੋਕਾਂ ਨੇ ਰੈਪਰ ਨੂੰ ਕਾਫੀ ਟ੍ਰੋਲ ਕੀਤਾ।

# ਆਸਟ੍ਰੇਲੀਆ ਸਰਕਾਰ ਨੇ ਬੈਨ ਕੀਤਾ ਸੋਸ਼ਲ ਮੀਡੀਆ, ਸੋਨਮ ਕਪੂਰ ਨੇ ਕੀਤਾ ਸਮਰਥਨ




ਮੁੰਬਈ- ਫੈਸ਼ਨ ਅਤੇ ਟ੍ਰੇਂਡ ਦਾ ਬਹੁਤ ਖਿਆਲ ਰੱਖਣ ਵਾਲੀ ਸੋਨਮ ਨੂੰ ਆਸਟ੍ਰੇਲੀਆ ਸਰਕਾਰ ਦੇ ਸੋਸ਼ਲ ਮੀਡੀਆ ਬੈਨ ਨੂੰ ਕਾਫੀ ਪਸੰਦ ਆਇਆ ਹੈ। ਇਸ ਗੱਲ ਦਾ ਪ੍ਰਗਟਾਵਾ ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ



ਪਲੇਟਫਾਰਮ ਇੰਸਟਾਗ੍ਰਾਮ 'ਤੇ ਵੀ ਕੀਤਾ ਹੈ।29 ਨਵੰਬਰ ਦੀ ਸਵੇਰ ਨੂੰ, ਉਸਨੇ ਇੰਸਟਾ ਸਟੋਰੀ ਸੈਕਸ਼ਨ ਵਿੱਚ ਸ਼ਾਨਦਾਰ ਤਸਵੀਰਾਂ ਸਾਂਝੀਆਂ ਕੀਤੀਆਂ। ਇਨ੍ਹਾਂ 'ਚੋਂ ਇਕ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਉਣ ਦੇ ਆਸਟ੍ਰੇਲੀਆਈ ਸਰਕਾਰ ਦੇ ਫੈਸਲੇ ਦੀ ਪ੍ਰਸ਼ੰਸਾ ਵਿਚ ਸੀ।

ਸੋਨਮ ਕਪੂਰ ਖੁੱਲ੍ਹ ਕੇ ਕੀਤਾ ਕਾਨੂੰਨ ਦਾ ਸਮਰਥਨ

ਸੋਨਮ ਨੇ ਇੱਕ ਤਸਵੀਰ ਸ਼ੇਅਰ ਕੀਤੀ ਹੈ ਜਿਸ ਵਿੱਚ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨਜ਼ਰ ਆ ਰਹੇ ਹਨ ਅਤੇ ਇਸ ਉੱਤੇ ਲਿਖਿਆ ਹੈ- ਆਸਟ੍ਰੇਲੀਆ ਨੇ 16 ਸਾਲ ਤੋਂ ਘੱਟ ਉਮਰ ਦੇ ਸੋਸ਼ਲ ਮੀਡੀਆ ਉੱਤੇ ਪਾਬੰਦੀ ਲਗਾਉਣ ਲਈ ਇੱਕ ਕਾਨੂੰਨ ਪਾਸ ਕੀਤਾ ਹੈ।ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸੋਨਮ ਕਿਸੇ ਸਮਾਜਿਕ ਜਾਂ ਰਾਜਨੀਤਕ ਮੁੱਦੇ 'ਤੇ ਆਪਣੀ ਰਾਏ ਜ਼ਾਹਰ ਕਰ ਰਹੀ ਹੈ। ਹਾਲ ਹੀ 'ਚ ਉਨ੍ਹਾਂ ਨੇ ਬੰਗਲਾਦੇਸ਼ 'ਚ ਵਿਗੜਦੇ ਹਾਲਾਤ ਅਤੇ ਹੰਗਾਮੇ 'ਤੇ ਵੀ ਖੁੱਲ੍ਹ ਕੇ ਆਪਣੀ ਰਾਏ ਜ਼ਾਹਰ ਕੀਤੀ ਸੀ। ਲਿਖਿਆ ਸੀ ਕਿ ਜੋ ਹੋ ਰਿਹਾ ਹੈ ਉਹ ਬਹੁਤ ਡਰਾਉਣਾ ਹੈ।

ਸੋਨਮ ਸੋਸ਼ਲ ਮੀਡੀਆ 'ਤੇ ਕਾਫੀ ਐਕਟਿਵ ਰਹਿੰਦੀ ਹੈ। ਰੋਜ਼ਮਰ੍ਹਾ ਦੀ ਜ਼ਿੰਦਗੀ ਦੀ ਅਪਡੇਟ ਦਿੰਦੀ ਰਹਿੰਦੀ ਹੈ। ਲੰਡਨ ਲਈ ਉਸਦਾ ਪਿਆਰ ਸ਼ੁੱਕਰਵਾਰ ਦੀ ਇੰਸਟਾ ਸਟੋਰੀ ਵਿੱਚ ਵੀ ਝਲਕਦਾ ਹੈ। ਸੋਨਮ ਨੇ ਇੰਸਟਾਗ੍ਰਾਮ 'ਤੇ ਇਕ ਪੋਸਟ ਸ਼ੇਅਰ ਕੀਤੀ, ਜਿਸ 'ਚ ਲਿਖਿਆ ਹੈ, ''ਲੰਡਨ ਨੂੰ ਲਗਾਤਾਰ ਦਸਵੇਂ ਸਾਲ ਦੁਨੀਆ ਦਾ ਸਭ ਤੋਂ ਵਧੀਆ ਸ਼ਹਿਰ ਚੁਣਿਆ ਗਿਆ ਹੈ।ਪੋਸਟ ਦੇ ਕੈਪਸ਼ਨ 'ਚ ਸੋਨਮ ਨੇ ਲੰਡਨ ਲਈ ਆਪਣੇ ਪਿਆਰ ਦਾ ਇਜ਼ਹਾਰ ਕੀਤਾ ਹੈ। ਉਸਨੇ ਲਿਖਿਆ, "ਮੈਂ ਲੰਡਨ ਨੂੰ ਬਹੁਤ ਯਾਦ ਕਰ ਰਹੀ ਹਾਂ, ਮੈਂ ਤੁਹਾਨੂੰ ਮਿਲਣ ਲਈ ਇੰਤਜ਼ਾਰ ਨਹੀਂ ਕਰ ਸਕਦੀ।" ਸੋਨਮ ਕਪੂਰ ਦਾ ਵੈਸਟ ਲੰਡਨ ਦੇ ਨਾਟਿੰਗ ਹਿੱਲ 'ਚ ਇਕ ਆਲੀਸ਼ਾਨ ਅਪਾਰਟਮੈਂਟ ਹੈ। ਉਹ ਅਕਸਰ ਭਾਰਤ ਅਤੇ ਯੂ.ਕੇ. ਆਉਂਦੀ ਰਹਿੰਦੀ ਹੈ।

# ਅਭਿਸ਼ੇਕ ਬੱਚਨ ਨੇ ਨਿਰਾਸ਼ ਹੋ ਕੇ ਕੀਤਾ ਸੀ ਇੰਡਸਟਰੀ ਛੱਡਣ ਦਾ ਫ਼ੈਸਲਾ

ਮੁੰਬਈ : ਬਾਲੀਵੁੱਡ ਅਦਾਕਾਰ ਅਭਿਸ਼ੇਕ ਬੱਚਨ ਇਨ੍ਹੀਂ ਦਿਨੀਂ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਸੁਰਖੀਆਂ 'ਚ ਹੈ। ਐਸ਼ਵਰਿਆ ਨਾਲ ਉਸ ਦੇ ਵੱਖ ਹੋਣ ਦੀਆਂ ਖ਼ਬਰਾਂ ਜ਼ੋਰ ਫੜ ਰਹੀਆਂ ਹਨ। ਹਾਲ ਹੀ 'ਚ ਇਕ ਈਵੈਂਟ 'ਚ ਐਸ਼ਵਰਿਆ ਦੇ ਨਾਂ 'ਚ ਬੱਚਨ ਨਜ਼ਰ ਨਹੀਂ ਆਇਆ, ਜਿਸ ਤੋਂ ਬਾਅਦ ਲੋਕਾਂ 'ਚ ਚਰਚਾ ਸ਼ੁਰੂ ਹੋ ਗਈ। ਅਭਿਸ਼ੇਕ ਬੱਚਨ ਨੇ ਵੀ ਆਪਣੇ ਫਿਲਮੀ ਕਰੀਅਰ 'ਚ ਨਿਰਾਸ਼ਾਜਨਕ ਦੌਰ ਦੇਖਿਆ ਹੈ। ਜਦੋਂ ਉਸ ਦੀਆਂ ਫਿਲਮਾਂ ਨੂੰ ਦਰਸ਼ਕਾਂ ਦਾ ਪਿਆਰ ਨਹੀਂ ਮਿਲ ਰਿਹਾ ਸੀ ਤਾਂ ਉਸ ਨੇ ਐਕਟਿੰਗ ਛੱਡਣ ਦਾ ਫ਼ੈਸਲਾ ਕਰ ਲਿਆ ਸੀ।

ਬਿੱਗ ਬੀ ਦਾ ਬੇਟਾ ਅਭਿਸ਼ੇਕ ਕਈ ਮਸ਼ਹੂਰ ਫਿਲਮਾਂ ਦਾ ਹਿੱਸਾ ਰਹਿ ਚੁੱਕਿਆ ਹੈ। ਹਾਲ ਹੀ 'ਚ ਉਨ੍ਹਾਂ ਦੀ ਫਿਲਮ 'ਆਈ ਵਾਂਟ ਟੂ ਟਾਕ' ਰਿਲੀਜ਼ ਹੋਈ। ਇਸ ਦੀ ਪ੍ਰਮੋਸ਼ਨ ਦੌਰਾਨ ਉਨ੍ਹਾਂ ਨੇ ਉਹ ਘਟਨਾ ਯਾਦ ਕੀਤੀ, ਜਦੋਂ ਨਿਰਾਸ਼ ਹੋ ਕੇ ਫਿਲਮ ਇੰਡਸਟਰੀ ਛੱਡਣ ਦਾ ਫੈਸਲਾ ਕਰ ਲਿਆ ਸੀ।

ਅਭਿਸ਼ੇਕ ਨੇ ਗਲਾਟਾ ਪਲੱਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੇਰੀਆਂ ਫਿਲਮਾਂ ਲਗਾਤਾਰ ਫਲਾਪ ਹੋ ਰਹੀਆਂ ਹਨ, ਜਿਸ ਤੋਂ ਬਾਅਦ ਮੇਰੀ ਅਦਾਕਾਰੀ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਗੱਲਾਂ ਹੋਣ ਲੱਗੀਆਂ। ਆਲੋਚਨਾਵਾਂ ਦਾ ਮੇਰੇ 'ਤੇ ਅਸਰ ਪੈ ਰਿਹਾ ਸੀ। ਉਸ ਸਮੇਂ ਮੈਂ ਵੱਡੇ ਨਿਰਦੇਸ਼ਕਾਂ ਨਾਲ ਕੰਮ ਕਰ ਰਿਹਾ ਸੀ। ਇਸ ਕਰਕੇ ਮੈਨੂੰ ਲੱਗਿਆ ਕਿ ਉਹ ਮੈਨੂੰ ਚੰਗਾ ਸਿਖਾਉਣਗੇ। ਹਾਲਾਂਕਿ ਸਮੇਂ ਨਾਲ ਕੁਝ ਵੀ ਨਹੀਂ ਬਦਲ ਰਿਹਾ ਸੀ।

ਅਭਿਸ਼ੇਕ ਬੱਚਨ ਨੇ ਕਿਹਾ, 'ਮੈਂ ਆਪਣੇ ਪਿਤਾ ਤੋਂ ਸਮਾਂ ਮੰਗਿਆ ਸੀ ਕਿ ਸਾਨੂੰ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ। ਮੈਨੂੰ ਲੱਗਦਾ ਸੀ ਕਿ ਮੈਨੂੰ ਐਕਟਿੰਗ ਲਈ ਨਹੀਂ ਬਣਾਇਆ ਗਿਆ ਸੀ। ਮੈਂ ਜੋ ਵੀ ਕੰਮ ਕਰਦਾ ਹਾਂ, ਉਹ ਸਹੀ ਢੰਗ ਨਾਲ ਨਹੀਂ ਹੋ ਰਿਹਾ।

ਮੈਂ ਹਰ ਤਰ੍ਹਾਂ ਦੀਆਂ ਫਿਲਮਾਂ ਕੀਤੀਆਂ ਹਨ ਪਰ ਕੋਈ ਨਤੀਜਾ ਨਹੀਂ ਮਿਲ ਰਿਹਾ। ਸ਼ਾਇਦ ਹੁਣ ਮੈਨੂੰ ਆਪਣੇ ਆਪ ਨੂੰ ਸੱਚ ਦੱਸਣਾ ਚਾਹੀਦਾ ਹੈ ਕਿ ਮੈਂ ਅਦਾਕਾਰੀ ਲਈ ਨਹੀਂ ਬਣਿਆ ਤੇ ਮੈਨੂੰ ਕੋਈ ਹੋਰ ਕੰਮ ਲੱਭਣਾ ਚਾਹੀਦਾ।

ਬਾਲੀਵੁੱਡ 'ਚ ਬਿੱਗ ਬੀ ਦੇ ਨਾਂ ਨਾਲ ਮਸ਼ਹੂਰ ਅਮਿਤਾਭ ਬੱਚਨ (Aimtabh Bachchan)



ਲੋਕਾਂ ਦੇ ਦਿਲਾਂ 'ਚ ਖਾਸ ਜਗ੍ਹਾ ਬਣਾਉਣਾ ਚੰਗੀ ਤਰ੍ਹਾਂ ਜਾਣਦੇ ਹਨ। ਅਭਿਸ਼ੇਕ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਸੀਨੀਅਰ ਹੋਣ ਨਾਤੇ ਬਹੁਤ ਚੰਗੀ ਸਲਾਹ ਦਿੱਤੀ ਸੀ, ਜਿਸ ਕਾਰਨ ਉਹ ਫਿਲਮ ਇੰਡਸਟਰੀ 'ਚ ਕੰਮ ਕਰਦੇ ਰਹੇ।

ਉਨ੍ਹਾਂ ਦੱਸਿਆ, 'ਮੇਰੇ ਪਿਤਾ ਨੇ ਮੈਨੂੰ ਕਿਹਾ ਸੀ ਕਿ ਸੀਨੀਅਰ ਹੋਣ ਦੇ ਨਾਤੇ ਮੈਂ ਸਲਾਹ ਦੇ ਰਿਹਾ ਹਾਂ ਕਿ ਤੈਨੂੰ ਅਜੇ ਵੀ ਬਹੁਤ ਕੁਝ ਸਿੱਖਣ ਦੀ ਲੋੜ ਹੈ। ਹਾਲਾਂਕਿ ਮੈਂ ਤੁਹਾਡੀ ਹਰ ਫਿਲਮ ਵਿਚ ਸੁਧਾਰ ਨੂੰ ਸਪੱਸ਼ਟ ਤੌਰ 'ਤੇ ਦੇਖ ਸਕਦਾ ਹਾਂ। ਤੇਰੇ ਅੰਦਰ ਸ਼ਾਨਦਾਰ ਅਦਾਕਾਰ ਛੁਪਿਆ ਹੋਇਆ ਹੈ। ਤੁਸੀਂ ਖ਼ੁਦ ਨੂੰ ਕਿੰਨਾ ਚੰਗਾ ਬਣਾ ਸਕਦੇ ਹੋ, ਇਹ ਪੂਰੀ ਤਰ੍ਹਾਂ ਤੁਹਾਡੇ 'ਤੇ ਨਿਰਭਰ ਕਰਦਾ ਹੈ। ਜੋ ਵੀ ਫਿਲਮ ਮਿਲੇ, ਉਸ ਨੂੰ ਸਾਈਨ ਕਰੋ ਤੇ ਸਖ਼ਤ ਮਿਹਨਤ ਕਰੋ। ਮੈਂ ਵੀ ਕੁਝ ਅਜਿਹਾ ਹੀ ਕੀਤਾ।

ਅਭਿਸ਼ੇਕ ਬੱਚਨ ਨੇ ਦੱਸਿਆ ਕਿ ਪਿਤਾ ਦੀ ਸਲਾਹ 'ਤੇ ਚੱਲਦਿਆਂ ਉਸ ਨੇ ਹਰ ਕਿਰਦਾਰ ਨੂੰ ਵਧੀਆ ਤਰੀਕੇ ਨਾਲ ਨਿਭਾਉਣ ਦੀ ਕੋਸ਼ਿਸ਼ ਕੀਤੀ। ਉਹ ਛੋਟਾ ਹੋਵੇ ਜਾਂ ਵੱਡਾ, ਉਹ ਹਰ ਰੋਲ ਰਾਹੀਂ ਲੋਕਾਂ ਦੇ ਦਿਲਾਂ 'ਚ ਖਾਸ ਜਗ੍ਹਾ ਬਣਾਉਣਾ ਚਾਹੁੰਦਾ ਸੀ। ਇਸ ਤੋਂ ਬਾਅਦ ਮੈਨੂੰ ਬਾਕਸ ਆਫਿਸ 'ਤੇ ਸਫਲਤਾ ਮਿਲਣ ਲੱਗੀ ਅਤੇ ਸਮੇਂ ਨਾਲ ਮੇਰਾ ਆਤਮ-ਵਿਸ਼ਵਾਸ ਵੀ ਵਧਣ ਲੱਗਿਆ।

ਚਮੜੀ ਦੀ ਕਿਸਮ (Skin Type) ਦੇ ਅਨੁਸਾਰ ਸਪੈਸ਼ਲ ਫੇਸ ਪੈਕ

ਮਾਲਸ਼ ਦੇ ਬਾਦ ਤੁਸੀਂ ਆਪਣੀ ਚਮੜੀ ਦੀ ਕਿਸਮ ਦੇ ਅਨੁਸਾਰ ਆਪਣੇ ਲਈ ਫੇਸ ਪੈਕ ਵੀ ਘਰ ਬੈਠੇ ਹੀ ਬਣਾ ਸਕਦੇ ਹੋ।

1. ਰੁੱਖ ਚਮੜੀ ਦੇ ਲਈ

* ਬਾਦਮ ਪੈਕ : ਚਾਰ ਭਿਉਂਤੇ ਹੋਏ ਬਾਦਾਮ ਅਤੇ ਇਕ ਗੁਲਾਬ ਦੀਆਂ ਪੰਖੜੀਆਂ ਵਿਚ ਦੋ ਵੱਡੇ ਚਮਚੇ ਗੁਲਾਬ ਜਲ ਪਾ ਕੇ ਪੇਸਟ ਬਣਾ ਲਵੋ। ਇਸ ਪੈਕ ਨੂੰ ਚਿਹਰੇ ਅਤੇ ਗਰਦਨ ਤੇ ਲਾਵੋ।

* ਟਮਾਟਰ ਪੈਕ : ਟਮਾਟਰ ਦਾ ਗੁੱਦਾ ਕੱਢ ਲਵੋ। ਇਸ ਵਿੱਚ ਇਕ ਵੱਡਾ ਚਮਚਾ ਸ਼ਹਿਦ ਮਿਲਾਕੇ ਪੀਸ ਲਾਵੋ। ਇਸ ਪੈਕ ਨੂੰ ਚਿਹਰੇ ਅਤੇ ਗਰਦਨ ਤੇ ਲਾਵੋ।

* ਕੇਲਾ ਪੈਕ : ਅੱਧਾ ਕੱਪ ਕੇਲਾ, ਥੋੜ੍ਹਾ ਜਿਹਾ ਪਪੀਤਾ, ਥੋੜ੍ਹਾ ਜਿਹਾ ਤਰਬੂਜ, ਥੋੜ੍ਹੀ ਜਿਹੀ ਗਾਜਰ, ਇਕ ਛੋਟਾ ਚਮਚਾ ਗੁਲਾਬ ਜਲ, ਦੋ ਬੂੰਦ ਗਲਸਰੀਨ ਅਤੇ ਅੱਧਾ ਛੋਟਾ ਚਮਚਾ ਮਲਾਈ ਨੂੰ ਇਕੱਠਿਆਂ ਪੀਸ ਲਵੋ। ਹੁਣ ਚਿਹਰੇ ਨੂੰ ਧੋ ਕੇ ਭਾਫ਼ ਲਵੋ। ਫੇਰ ਏਸ ਪੈਕ ਨਾਲ ਚਿਹਰੇ ਤੇ ਮਾਲਸ਼ ਕਰਕੇ ਕੋਸੇ ਜਿਹੇ ਪਾਣੀ ਨਾਲ ਚਿਹਰੇ ਨੂੰ ਧੋ ਲਵੋ।

2. ਚਿਪਚਿਪੀ ਚਮੜੀ ਦੇ ਲਈ

* ਪਪੀਤਾ ਪੈਕ : ਥੋੜ੍ਹਾ ਜਿਹਾ ਪਪੀਤਾ, ਅੱਧੀ ਕੱਕੜੀ, ਅੱਧਾ ਟਮਾਟਰ, ਅੱਧਾ ਉਬਲਿਆ ਹੋਇਆ ਆਲੂ ਅਤੇ ਸੰਤਰੇ ਦੀਆਂ ਕੁੱਝ ਫਾੜੀਆਂ ਨੂੰ ਬਲੈਂਡ (Blend) ਕਰਕੇ ਪੈਕ ਬਣਾ ਲਵੋ। ਇਸ ਪੈਕ ਨਾਲ ਚਿਹਰੇ ਤੇ ਵੀਹ ਮਿੰਟ ਮਾਲਸ਼ ਕਰੋ। ਫੇਰ ਕੋਸੇ ਪਾਣੀ ਨਾਲ ਧੋ ਲਵੋ।

* ਸੰਤਰਾ ਅਤੇ ਕਾਜੂ ਪੈਕ : ਅੱਠ ਕਾਜੂਆਂ ਨੂੰ ਦਰੜ ਲਵੋ। ਇਸ ਵਿਚ ਅੱਧਾ ਕੱਪ ਸੰਤਰੇ ਦਾ ਜੂਸ ਮਿਲਾਕੇ ਪੇਸਟ ਬਣਾਵੋ। ਇਸ ਪੈਕ ਨੂੰ ਚਿਹਰੇ ਅਤੇ ਗਰਦਨ ਤੇ ਲਾਵੋ।

* ਅੰਡਾ ਅਤੇ ਬਾਦਾਮ ਪੈਕ : ਇਕ ਅੰਡੇ ਦੀ ਸਫ਼ੈਦੀ ਵਿਚ ਤਿੰਨ ਪੀਸੇ ਹੋਏ ਬਾਦਾਮ ਅਤੇ ਸ਼ਹਿਦ ਮਿਲਾਕੇ ਪੇਸਟ ਬਣਾਵੋ। ਇਸ ਪੈਕ ਨੂੰ ਗਰਦਨ ਅਤੇ ਚਿਹਰੇ ਤੇ ਲਾਵੋ।

3. ਸਾਧਾਰਨ (Normal) ਚਮੜੀ ਦੇ ਲਈ

* ਪਪੀਤਾ ਪੈਕ : ਇਕ ਪਪੀਤੇ ਨੂੰ ਛੋਟੇ-ਛੋਟੇ ਟੁਕੜਿਆਂ ਵਿਚ ਕੱਟ ਲਵੋ। ਇਸ ਵਿਚ ਇਕ ਵੱਡਾ ਚਮਚਾ ਪੀਸਿਆ ਹੋਇਆ ਚੰਦਨ ਮਿਲਾਕੇ ਪੇਸਟ ਬਣਾ ਲਵੋ। ਇਸ ਮਿਸ਼ਰਣ ਨੂੰ ਚਿਹਰੇ ਅਤੇ ਗਰਦਨ ਤੇ ਵੀਹ ਮਿੰਟ ਲਾ ਕੇ ਰੱਖੋ। ਫੇਰ ਠੰਢੇ ਪਾਣੀ ਨਾਲ ਚਿਹਰਾ ਧੋ ਲਵੋ।

* ਬਾਦਾਮ ਪੈਕ : ਦੋ ਭਿੱਜੇ ਹੋਏ ਬਾਦਾਮ, ਇਕ ਅਖਰੋਟ ਦੀ ਗਿਰੀ, ਮੂੰਗਫਲੀ ਦੇ ਪੰਜ ਦਾਣੇ, ਦੋ ਵੱਡੇ ਚਮਚੇ ਛੋਲਿਆਂ ਦਾ ਆਟਾ (ਬੇਸਣ), ਦੋ ਵੱਡੇ ਚਮਚੇ ਦੁੱਧ ਵਿਚ ਮਿਲਾਕੇ ਪੇਸਟ ਬਣਾ ਲਵੋ। ਇਸ ਪੇਸਟ ਨੂੰ ਚਿਹਰੇ ਅਤੇ ਗਰਦਨ ਤੇ ਲਾਵੋ। ਪੰਜ ਮਿੰਟ ਲੱਗਿਆ ਰਹਿਣ ਦੇਵੋ। ਫੇਰ ਹੌਲ਼ੀ-ਹੌਲ਼ੀ ਗਰੜਕੇ ਚਿਹਰਾ ਪਾਣੀ ਨਾਲ ਧੋ ਲਵੋ।

## ਸਪੈਸ਼ਲ ਫੇਸ ਪੈਕ

1. ਟਮਾਟਰ ਪੈਕ



ਇਕ ਕੱਟਿਆ ਹੋਇਆ ਟਮਾਟਰ, ਇਕ ਵੱਡਾ ਚਮਚਾ ਜੌਂ ਦਾ ਆਟਾ ਅਤੇ ਇਕ ਵੱਡਾ ਚਮਚਾ ਨਿੰਬੂ ਦਾ ਰਸ ਮਿਲਾਕੇ ਬਲੈਂਡ ਕਰੋ। ਚਿਹਰੇ 'ਤੇ ਇਸਦੀ ਮੋਟੀ ਪਰਤ ਲਾਵੋ। ਲੋੜ ਪਵੇ ਤਾਂ ਮਿਸ਼ਰਣ ਨੂੰ ਗਾੜ੍ਹਾ ਕਰਨ ਦੇ ਲਈ ਉਪਰ ਦੀ ਜੌਂਆਂ ਦਾ ਆਟਾ ਮਿਲਾਵੋ। ਦਸ ਮਿੰਟ ਸੁੱਕਣ ਦੇਵੋ ਅਤੇ ਗਰਮ ਪਾਣੀ ਧੋ ਦੇਵੋ। ਇਸਦੀ ਨੇਮ ਵੱਧ ਵਰਤੋਂ ਕਰਨ ਨਾਲ ਦਾਗ-ਧੱਬੇ ਹਲਕੇ ਹੋ ਜਾਣਗੇ।

2. ਅਲਸੀ ਦਾ ਪੈਕ

ਇਕ ਬਾਊਲ (Bowl) ਵਿਚ ਇਕ ਛੋਟਾ ਚਮਚਾ ਅਲਸੀ ਅਤੇ ਪਾਣੀ ਮਿਲਾਕੇ ਥੋੜ੍ਹੀ ਦੇਰ ਰੱਖ ਲਵੋ। ਜਦੋਂ ਅਲਸੀ ਪੂਰੀ ਤਰ੍ਹਾਂ ਫੁੱਲ ਜਾਵੇ, ਤਾਂ ਇਸਨੂੰ ਚਿਹਰੇ ਤੇ ਚੰਗੀ ਤਰ੍ਹਾਂ ਲਾਵੋ। ਸੁੱਕ ਜਾਣ ਤੇ ਠੰਢੇ ਪਾਣੀ ਨਾਲ ਧੋ ਦੇਵੋ। ਅਲਸੀ ਵਿਚ ਓਮੇਗਾ-3 (Omega-3) ਤੇਲਾਂ ਦੀ ਅਧਿਕਤਾ ਹੁੰਦੀ ਹੈ। ਇਸ ਨਾਲ ਚਮੜੀ ਮੁਲਾਇਮ (Soft) ਹੁੰਦੀ ਹੈ ਅਤੇ ਚਿਹਰਾ ਚਮਕਦਾ ਹੈ।

3. ਵਿਸਕੀ ਪੈਕ

ਇਕ ਵੱਡਾ ਚਮਚਾ ਵਿਸਕੀ, ਵਿੱਚ ਪੂਰਾ ਅੰਡਾ ਇਕ, ਇਕ ਚੌਥਾਈ ਕੱਪ ਨਾਨ ਫੈਟ ਸੁੱਕਾ ਦੁੱਧ ਅਤੇ ਇਕ ਨਿੰਬੂ ਦਾ ਰਸ ਮਿਲਾਕੇ ਕਿਸੇ ਬੋਤਲ ਵਿਚ ਪਾ ਕੇ ਰੱਖ ਲਵੋ। ਇਸ ਮਿਸ਼ਰਣ ਨੂੰ ਅੱਖਾਂ ਦੇ ਆਸ-ਪਾਸ ਦੀ ਚਮੜੀ ਨੂੰ ਛੱਡਕੇ ਪੂਰੇ ਚਿਹਰੇ ਤੇ ਚੰਗੀ ਤਰ੍ਹਾਂ ਲਾਵੋ ਸੁੱਕਣ ਤੇ ਗਿੱਲੇ ਕੱਪੜੇ ਨਾਲ ਸਾਫ਼ ਕਰੋ। ਇਸ ਪੈਕ ਦਾ ਹਫ਼ਤੇ ਵਿਚ ਇਕ ਵਾਰ ਪ੍ਰਯੋਗ ਕਰੋ। ਜਿਨ੍ਹਾਂ ਦੀ ਚਮੜੀ ਚਿਪਚਿਪੀ ਹੈ। ਉਹ ਪੂਰੇ ਅੰਡੇ ਦੀ ਥਾਂ ਤੇ ਸਿਰਫ਼ ਅੰਡੇ ਦੀ ਸਫ਼ੈਦੀ ਹੀ ਇਸਤੇਮਾਲ ਕਰਨ। ਜੇ ਚਮੜੀ ਰੁੱਖੀ (Dry) ਹੈ ਤਾਂ ਆਂਡੇ ਦੀ ਜਰਦੀ ਇਸਤੇਮਾਲ ਕਰਨ।

4. ਅੰਡਾ-ਸ਼ਹਿਦ ਮਿਕਸ ਪੈਕ

ਇਕ ਅੰਡੇ ਦੀ ਸਫ਼ੈਦੀ ਵਿਚ ਡੇਢ ਛੋਟਾ ਚਮਚਾ ਸ਼ਹਿਦ, ਅੱਧੇ ਨਿੰਬੂ ਦਾ ਰਸ ਅਤੇ ਥੋੜ੍ਹਾ ਪਲੇਨ ਦਹੀਂ ਮਿਲਾਵੋ। ਚਿਹਰੇ 'ਤੇ ਲਾ ਕੇ ਪੰਦਰਾਂ ਮਿੰਟ ਸੁੱਕਣ ਦੇਵੋ। ਗਿੱਲੇ ਕੱਪੜੇ ਨਾਲ ਪੂੰਝੋ।

ਇਸ ਮਾਸਕ ਨਾਲ ਚਮੜੀ ਕਸੀ ਜਾਂਦੀ ਹੈ। ਦਹੀਂ ਤੇ ਸ਼ਹਿਦ ਚਮੜੀ ਨੂੰ ਨਮ ਕਰਦੇ ਹਨ, ਜਿਸ ਨਾਲ ਚਿਹਰੇ ਦੀ ਦਿੱਖ ਬਰਕਰਾਰ ਰਹਿੰਦੀ ਹੈ।

5. ਮਾਂਹ (ਉੜਦ) ਦਾਲ ਦਾ ਪੈਕ

ਇਕ ਛੋਟਾ ਚਮਚ ਮਾਹਾਂ ਦੀ ਦਾਲ ਅਤੇ ਚਾਰ ਬਾਦਾਮ ਰਾਤ ਨੂੰ ਪਾਣੀ ਵਿਚ ਭਿਉਂਕੇ ਰੱਖੋ, ਸੁਬਾਹ ਇਹਨਾਂ ਨੂੰ ਇਕੱਠ ਪੀਸ ਲਵੋ, ਪ੍ਰੋਟੀਨ ਦੀ ਅਧਿਕਤਾ ਵਾਲੇ ਇਸ ਮਿਸ਼ਰਣ ਨੂੰ ਚਿਹਰੇ ਤੇ ਲਾਵੋ, ਤੀਹ ਮਿੰਟਾਂ ਬਾਦ ਧੋ ਦੇਵੋ। ਇਹ ਮਾਸਕ ਸਕਿੰਨ ਨੂੰ ਪੋਸ਼ਣ ਦੇਣ ਦੇ ਨਾਲ ਹੀ ਬਲੀਚ ਦਾ ਕੰਮ ਵੀ ਕਰਦੀ ਹੈ।

6. ਹਲਦੀ ਪੈਕ

ਅੱਧਾ ਕੱਪ ਬੇਸਣ ਵਿਚ ਦੋ ਛੋਟੇ ਚਮਚੇ ਪੀਸੀ ਹੋਈ ਹਲਦੀ, ਦੋ ਛੋਟੇ ਚਮਚੇ ਪੀਸਿਆ ਹੋਇਆ ਚੰਦਨ, ਦੋ ਚਮਚੇ ਘਿਉ ਜਾਂ ਬਾਦਾਮਾਂ ਦਾ ਤੇਲ ਅਤੇ ਪਾਣੀ ਮਿਲਾਵੋ। ਇਸ ਪੇਸਟ ਨੂੰ ਚਿਹਰੇ ਅਤੇ ਸਰੀਰ ਤੇ ਲਾਵੋ। ਪੰਜ-ਦਸ ਮਿੰਟਾਂ ਬਾਦ ਧੋ ਦੇਵੋ। ਇਸ ਪੈਕ ਨਾਲ ਚਮੜੀ ਨਿੱਖਰੀ ਹੋਈ ਅਤੇ ਚਮਕੀਲੀ ਵਿਖਾਈ ਦਿੰਦੀ ਹੈ।

7. ਬੈਰੀਜ਼ ਪੈਕ

ਛੇ ਰਸ ਭਰੀਆਂ (Raspberry) ਨੂੰ ਮੈਸ਼ ਕਰ ਲਵੋ। ਇਸ ਵਿਚ ਇਕ ਵੱਡਾ ਚਮਚਾ ਬਰਾਂਡੀ, ਦੋ ਵੱਡੇ ਚਮਚੇ ਬਰੈਡ ਕਰੰਮਬਜ, ਦੋ ਛੋਟੇ ਚਮਚੇ ਮੁਲਤਾਨੀ ਮਿੱਟੀ





ਅਤੇ ਕੁਝ ਬੂੰਦਾਂ ਗੁਲਾਬ ਜਲ ਮਿਲਾਕੇ ਚੰਗੀ ਤਰ੍ਹਾਂ ਮਿਲਾਵੋ। ਚਿਹਰੇ ਅਤੇ ਗਰਦਨ ਤੇ ਇਸਦੀ ਮੋਟੀ ਪਰਤ ਲਾਵੋ। ਵੀਹ ਮਿੰਟਾਂ ਬਾਦ ਧੋ ਦੇਵੋ।

* ਮੈਸ਼ ਕੀਤੇ ਹੋਏ ਰਸ ਭਰੀ ਜਾਂ ਸਟਰਾ-ਅਬੈਰੀ ਇਕੋ ਜਿਹੇ ਦਹੀਂ ਵਿਚ ਮਿਲਾਕੇ ਸਾਫ ਚਿਹਰੇ ਤੇ ਲਾਵੋ। ਸੁੱਕਣ ਤੇ ਪਾਣੀ ਨਾਲ ਧੋ ਦੇਵੋ।

* ਤਿੰਨ ਚਾਰ ਸਟਰਾਅਬੈਰੀ ਨੂੰ ਮੈਸ਼ ਕਰ ਲਵੋ। ਇਸ ਵਿਚ ਦਹੀਂ ਤੇ ਜੌਂ ਦਾ ਆਟਾ ਮਿਲਾਕੇ ਚਿਹਰੇ ਤੇ ਲਾਵੋ। ਦਸ-ਪੰਦਰਾਂ ਮਿੰਟਾਂ ਬਾਦ ਸੁੱਕਣ ਤੇ ਧੋ ਦੇਵੋ। ਇਹ ਮਾਸਕ ਚਿਪਚਿਪੀ ਚਮੜੀ ਲਈ ਬੇਹਤਰੀਨ ਹੈ। ਜਦੋਂ ਚਿਹਰਾ ਡੱਲ (ਰੁੱਖਾ) ਵਿਖਾਈ ਦੇਵੇ ਇਹ ਮਾਸਕ ਇਸਤੇਮਾਲ ਕਰੋ।

## ਰੈਗੂਲਰ ਫੇਸ ਪੈਕ

1. ਦੋ-ਤਿੰਨ ਬਾਦਾਮਾਂ ਦਾ ਪੇਸਟ, ਦਹੀਂ ਤੇ ਸ਼ਹਿਦ ਮਿਲਾਕੇ ਚਿਹਰੇ ਤੇ ਲਾਵੋ, ਦਸ ਮਿੰਟਾਂ ਬਾਦ ਧੋ ਲਵੋ।

2. ਅੱਧਾ ਛੋਟਾ ਚਮਚਾ ਸ਼ਹਿਦ, ਜੌਂ ਦਾ ਆਟਾ, ਦੋ ਛੋਟੇ ਚਮਚੇ ਲੱਸੀ ਮਿਲਾਕੇ ਚਿਹਰੇ ਤੇ ਲਾਵੋ। ਦਸ ਮਿੰਟਾਂ ਬਾਦ ਧੋ ਦੇਵੋ।

3. ਅੰਡੇ ਦੀ ਸਫ਼ੈਦੀ ਤੇ ਸ਼ਹਿਦ ਮਿਲਾਕੇ ਚਿਹਰੇ ਤੇ ਲਾਉਣ ਨਾਲ ਵੀ ਚਮੜੀ ਤੇ ਨਿਖਾਰ ਆ ਜਾਂਦਾ ਹੈ।

4. ਚਿਪਚਿਪੀ ਚਮੜੀ ਦੇ ਲਈ ਮੈਸ਼ ਕੀਤੇ ਹੋਏ ਅੰਗੂਰ, ਨਿੰਬੂ ਤੇ ਅੰਡੇ ਦੀ ਸਫ਼ੈਦੀ ਚੰਗੀ ਤਰ੍ਹਾਂ ਮਿਲਾਕੇ ਚਿਹਰੇ ਤੇ ਲਾਵੋ। ਵੀਹ ਮਿੰਟ ਤੱਕ ਲਾਕੇ ਰੱਖੋ, ਫੇਰ ਧੋ ਲਵੋ। ਨਿੰਬੂ ਕੁਦਰਤੀ ਕਲੀਂਜਰ (Cleanser) ਹੈ। ਅੰਗੂਰ ਚਮੜੀ ਨੂੰ ਮੁਲਾਇਮ ਬਣਾਉਂਦੇ ਹਨ ਅਤੇ ਅੰਡੇ ਦੀ ਸਫ਼ੈਦੀ ਨਾਲ ਚਮੜੀ ਕਸੀ ਜਾਂਦੀ ਹੈ।

5. ਕੱਦੂ ਦੀ ਫਾੜੀ (ਸਲਾਈਸ) ਨੂੰ ਅੰਡੇ ਦੀ ਜਰਦੀ ਅਤੇ ਦੁੱਧ ਵਿਚ ਚੰਗੀ ਤਰ੍ਹਾਂ ਮਿਲਾਕੇ ਮਾਸਕ ਬਣਾਵੋ। ਇਸਨੂੰ ਚਮੜੀ ਤੇ ਤੀਹ ਮਿੰਟ ਸੈਟ ਹੋਣ ਦੇਵੋ, ਫੇਰ ਚਿਹਰਾ ਧੋ ਲਵੋ।

ਵਟਣਾ ਤਿਆਰ ਕਰੋ। ਚਿਹਰੇ ਤੇ ਲਾਵੋ। ਸੁੱਕ ਜਾਣ ਤੇ ਧੋ ਲਵੋ।

# ਆਸਟਰੇਲੀਆ ਦਾ ਇਹ ਧਾਕੜ ਗੇਂਦਬਾਜ਼ ਦੂਜੇ ਟੈਸਟ ਮੈਚ ਤੋਂ ਬਾਹਰ



ਐਡੀਲੇਡ- ਆਸਟਰੇਲੀਆ ਦੇ ਤੇਜ਼ ਗੇਂਦਬਾਜ਼ ਜੋਸ਼ ਹੇਜ਼ਲਵੁੱਡ ਸੱਟ ਕਾਰਨ ਭਾਰਤ ਖਿਲਾਫ 6 ਦਸੰਬਰ ਤੋਂ ਇੱਥੇ ਸ਼ੁਰੂ ਹੋ ਰਹੇ ਦੂਜੇ ਦਿਨ ਰਾਤ ਦੇ ਟੈਸਟ ਮੈਚ ਵਿਚ ਨਹੀਂ ਖੇਡ ਸਕਣਗੇ। ਕ੍ਰਿਕਟ ਆਸਟ੍ਰੇਲੀਆ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਪਰਥ ਵਿੱਚ ਪਹਿਲੇ ਟੈਸਟ ਵਿੱਚ 295 ਦੌੜਾਂ ਦੀ ਹਾਰ ਤੋਂ ਬਾਅਦ ਆਸਟਰੇਲੀਆ ਪੰਜ ਮੈਚਾਂ ਦੀ ਬਾਰਡਰ-ਗਾਵਸਕਰ ਟਰਾਫੀ ਵਿੱਚ 0-1 ਨਾਲ ਪਿੱਛੇ ਹੈ।

ਕ੍ਰਿਕਟ ਆਸਟ੍ਰੇਲੀਆ ਨੇ ਇੱਥੇ ਜਾਰੀ ਬਿਆਨ 'ਚ ਕਿਹਾ, 'ਜੋਸ਼ ਹੇਜ਼ਲਵੁੱਡ ਖੱਬੇ ਪਾਸੇ ਦੀ ਮਾਮੂਲੀ ਸੱਟ ਕਾਰਨ ਦੂਜੇ ਟੈਸਟ 'ਚ ਨਹੀਂ ਖੇਡਣਗੇ। ਹੇਜ਼ਲਵੁੱਡ ਹਾਲਾਂਕਿ ਸੀਰੀਜ਼ ਦੇ ਬਾਕੀ ਮੈਚਾਂ ਦੀ ਤਿਆਰੀ ਲਈ ਐਡੀਲੇਡ 'ਚ ਟੀਮ ਦੇ ਨਾਲ ਰਹੇਗਾ।'' ਤੇਜ਼ ਗੇਂਦਬਾਜ਼ ਸੀਨ ਐਬੋਟ ਅਤੇ ਬ੍ਰੈਂਡਨ ਡੌਗੇਟ ਨੂੰ ਐਡੀਲੇਡ ਟੈਸਟ ਲਈ ਆਸਟ੍ਰੇਲੀਆਈ ਟੀਮ 'ਚ ਸ਼ਾਮਲ ਕੀਤਾ ਗਿਆ ਹੈ।


ਰੀਲੀਜ਼ ਦੇ ਅਨੁਸਾਰ, "ਸੀਨ ਐਬੋਟ ਅਤੇ ਬ੍ਰੈਂਡਨ ਡੌਗੇਟ ਨੂੰ ਐਡੀਲੇਡ ਵਿੱਚ ਭਾਰਤ ਵਿਰੁੱਧ ਦੂਜੇ ਟੈਸਟ ਲਈ ਆਸਟਰੇਲੀਆਈ ਪੁਰਸ਼ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ। ਐਬੋਟ ਅਤੇ ਡੌਗੇਟ ਐਡੀਲੇਡ ਟੈਸਟ ਮੈਚ ਲਈ ਬੀਓ ਵੈਬਸਟਰ ਦੇ ਨਾਲ ਟੀਮ ਵਿੱਚ ਸ਼ਾਮਲ ਹੋ ਗਏ ਹਨ, ਆਸਟਰੇਲੀਆ ਕੋਲ ਹੇਜ਼ਲਵੁੱਡ ਦੀ ਥਾਂ 'ਤੇ ਤੇਜ਼ ਗੇਂਦਬਾਜ਼ ਸਕਾਟ ਬੋਲੈਂਡ ਨੂੰ ਸ਼ਾਮਲ ਕਰਨ ਦਾ ਵਿਕਲਪ ਹੈ।

ਹੇਜ਼ਲਵੁੱਡ ਦਾ ਗੁਲਾਬੀ ਗੇਂਦ ਨਾਲ ਟੈਸਟ ਮੈਚਾਂ ਵਿੱਚ ਚੰਗਾ ਰਿਕਾਰਡ ਹੈ। 33 ਸਾਲਾ ਤੇਜ਼ ਗੇਂਦਬਾਜ਼ ਨੇ ਭਾਰਤ ਵਿਰੁੱਧ 2020-21 ਦੀ ਲੜੀ ਦੌਰਾਨ ਡੇ-ਨਾਈਟ ਟੈਸਟ ਮੈਚ ਵਿੱਚ ਅੱਠ ਦੌੜਾਂ ਦੇ ਕੇ ਪੰਜ ਵਿਕਟਾਂ ਲਈਆਂ।

ਭਾਰਤੀ ਟੀਮ ਉਦੋਂ 36 ਦੌੜਾਂ 'ਤੇ ਆਊਟ ਹੋ ਗਈ ਸੀ। ਇਹ ਪਹਿਲਾ ਮੌਕਾ ਹੋਵੇਗਾ ਜਦੋਂ ਹੇਜ਼ਲਵੁੱਡ ਭਾਰਤ ਦੇ ਖਿਲਾਫ ਘਰੇਲੂ ਟੈਸਟ ਮੈਚ 'ਚ ਨਹੀਂ ਖੇਡ ਸਕੇਗਾ।

ਐਬੋਟ ਅਤੇ ਡੌਗੇਟ ਨੂੰ ਹਾਲ ਹੀ ਦੇ ਸ਼ੈਫੀਲਡ ਸ਼ੀਲਡ ਮੈਚਾਂ ਵਿੱਚ ਉਨ੍ਹਾਂ ਦੇ ਚੰਗੇ ਪ੍ਰਦਰਸ਼ਨ ਲਈ ਇਨਾਮ ਦਿੱਤਾ ਗਿਆ ਹੈ।

ਐਬੋਟ ਨੇ ਆਪਣੇ ਆਖ਼ਰੀ ਸ਼ੀਲਡ ਮੈਚ ਵਿੱਚ ਤਸਮਾਨੀਆ ਖ਼ਿਲਾਫ਼ 16 ਓਵਰਾਂ ਵਿੱਚ 71 ਦੌੜਾਂ ਦੇ ਕੇ ਚਾਰ ਵਿਕਟਾਂ ਲਈਆਂ ਸਨ, ਜਦਕਿ ਡੌਗੇਟ ਨੇ ਪੱਛਮੀ ਆਸਟਰੇਲੀਆ ਖ਼ਿਲਾਫ਼ ਪੰਜ ਵਿਕਟਾਂ ਲਈਆਂ ਸਨ। ਉਹ ਹੁਣ ਤੱਕ ਤਿੰਨ ਸ਼ੀਲਡ ਮੈਚਾਂ ਵਿੱਚ 11 ਵਿਕਟਾਂ ਲੈ ਚੁੱਕਾ ਹੈ। ਇਸ ਤੇਜ਼ ਗੇਂਦਬਾਜ਼ ਨੇ ਹਾਲ ਹੀ 'ਚ ਮੈਕੇ 'ਚ ਇੰਡੀਆ ਏ ਖਿਲਾਫ ਮੈਚ 'ਚ 15 ਦੌੜਾਂ ਦੇ ਕੇ 6 ਵਿਕਟਾਂ ਲਈਆਂ, ਜੋ ਉਸ ਦੇ ਕਰੀਅਰ ਦਾ ਸਰਵੋਤਮ ਪ੍ਰਦਰਸ਼ਨ ਵੀ ਹੈ।



2ND KABADDI
WORLD CUP
TAKANINI GURDWARA SAHIB
NZSSC
70 TAKANINI SCHOOL ROAD
NEW ZEALAND
SIKH SPORTS COMPLEX
LIVE ON
Kabaddi365.com
08 DEC 2024
LIVE ON
Kabaddi365.com
@nzssct
SnapEdit

# WHITE ROSE BUILDERS

*We do not build houses, We create homes...*

## *Proudly Celebrating*

# 20 Years in Business



# DREAMLINE HOMES

**Turning dreams into reality**

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

**- Fixed Price Contract - On Time Completion - No Hidden Costs**

LICENSED BUILDING PRACTITIONER
www.dbh.govt.nz
BUILDING CONFIDENCE

New Zealand Certified Builders Association
NZCB
20 Years of
Turning Dreams Into Reality

Halo
10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ
OWNED & OPERATED